## ਕੇਵਲ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਲਈ

# ਖੇਤੀਬਾੜੀ - ਅੱਠਵੀਂ

- **ਪ੍ਰਸ਼ਨ ਬੈਂਕ**
- **ਪਾਠਕ੍ਰਮ**
- **ਪ੍ਰਸ਼ਨ ਪੱਤਰ ਦੀ ਬਣਤਰ**
- **ਨਮੂਨਾ ਪ੍ਰਸ਼ਨ ਪੱਤਰ**

## ਪੰਜਾਬ ਸਕੂਲ ਸਿੱਖਿਆ ਬੋਰਡ

## ਸਾਹਿਬਜ਼ਾਦਾ ਅਜੀਤ ਸਿੰਘ ਨਗਰ ।

# ਤਤਕਰਾ


| ਲੜੀ ਨੰਬਰ | ਪਾਠ ਦਾ ਨਾਂ | ਪੰਨਾ ਨੰਬਰ |
|---|---|---|
| 1. | ਭੂਮੀ ਅਤੇ ਭੂਮੀ ਸੁਧਾਰ | 3 - 4 |
| 2. | ਪਨੀਰੀਆਂ ਤਿਆਰ ਕਰਨਾ | 5 - 6 |
| 3. | ਜ਼ਮੀਨ ਦੀ ਪੈਮਾਇਸ਼ ਅਤੇ ਰਿਕਾਰਡ | 7 - 8 |
| 4. | ਸੂਰਜੀ ਊਰਜਾ | 9 - 10 |
| 5. | ਖੁੰਬਾਂ ਦੀ ਕਾਸ਼ਤ | 11 - 12 |
| 6. | ਮਧੂ ਮੱਖੀ ਪਾਲਣ | 13 - 14 |
| 7. | ਬਹੁ-ਭਾਂਤੀ ਖੇਤੀ | 15 - 16 |
| 8. | ਜੈਵਿਕ ਖੇਤੀ | 17 - 18 |
| 9. | ਖੇਤੀ ਮਸ਼ੀਨਰੀ ਅਤੇ ਉਸ ਦੀ ਸਾਂਭ-ਸੰਭਾਲ | 19 - 20 |
| 10. | ਫਲਾਂ ਅਤੇ ਸਬਜ਼ੀਆਂ ਦੀ ਸਾਂਭ-ਸੰਭਾਲ | 21 - 22 |
| 11. | ਫਲਾਂ ਅਤੇ ਸਬਜ਼ੀਆਂ ਤੋਂ ਪਦਾਰਥ ਬਣਾਉਣਾ | 23 - 24 |
| | ➢ ਪਾਠਕ੍ਰਮ | 25 |
| | ➢ ਪ੍ਰਸ਼ਨ ਪੱਤਰ ਦੀ ਬਣਤਰ | 26 |
| | ➢ ਨਮੂਨਾ ਪ੍ਰਸ਼ਨ ਪੱਤਰ | 27 - 28 |

## ਪਾਠ - 1

## ਭੂਮੀ ਅਤੇ ਭੂਮੀ ਸੁਧਾਰ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਚੀਕਣੀ ਮਿੱਟੀ ਵਿੱਚ ਚੀਕਣੇ ਕਣਾਂ ਦੀ ਘੱਟੋ-ਘੱਟ ਮਾਤਰਾ ਕਿੰਨੇ ਪ੍ਰਤੀਸ਼ਤ ਹੁੰਦੀ ਹੈ ?

(ੳ) 10 ਪ੍ਰਤੀਸ਼ਤ (ਅ) 20 ਪ੍ਰਤੀਸ਼ਤ (ੲ) 30 ਪ੍ਰਤੀਸ਼ਤ (ਸ) 40 ਪ੍ਰਤੀਸ਼ਤ

**2.** ਹਰੀ ਖਾਦ ਲਈ ਕਿਹੜੀ ਫ਼ਸਲ ਬੀਜੀ ਜਾਂਦੀ ਹੈ ?

(ੳ) ਜੰਤਰ (ਅ) ਝੋਨਾ (ੲ) ਨਰਮਾ (ਸ) ਕਣਕ

**3.** ਕਿਹੜੀ ਭੂਮੀ ਵਿੱਚ ਪਾਣੀ ਲਾਉਂਦੇ ਸਾਰ ਹੀ ਜਜ਼ਬ ਹੋ ਜਾਂਦਾ ਹੈ ?

(ੳ) ਚੀਕਣੀ ਭੂਮੀ (ਅ) ਮੈਰਾ ਭੂਮੀ (ੲ) ਰੇਤਲੀ ਭੂਮੀ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**4.** ਚੀਕਣੀਆਂ ਜ਼ਮੀਨਾਂ ਕਿਸ ਫ਼ਸਲ ਲਈ ਚੰਗੀਆਂ ਹਨ ?

(ੳ) ਸਰ੍ਹੋਂ (ਅ) ਝੋਨਾ (ੲ) ਗੁਆਰਾ (ਸ) ਮੂੰਗਫਲੀ

**5.** ਖਾਰੀਆਂ ਜ਼ਮੀਨਾਂ ਨੂੰ ਸੁਧਾਰਨ ਲਈ ਕਿਹੜਾ ਪਦਾਰਥ ਵਰਤਿਆ ਜਾਂਦਾ ਹੈ ?

(ੳ) ਚੂਨਾ (ਅ) ਜਿਪਸਮ (ੲ) ਨਮਕ (ਸ) ਯੂਰੀਆ

**ਉੱਤਰ : 1. (ਸ) 2. (ੳ) 3. (ੲ) 4. (ਅ) 5. (ਅ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਝੋਨਾ ਬੀਜਣ ਲਈ ................ ਜ਼ਮੀਨ ਚੰਗੀ ਹੁੰਦੀ ਹੈ। (ਰੇਤਲੀ / ਚੀਕਣੀ)

**7.** ਤੇਜ਼ਾਬੀ ਜ਼ਮੀਨਾਂ ਦੀ ਸਮੱਸਿਆ .................. ਵਰਖਾ ਵਾਲੇ ਇਲਾਕਿਆਂ ਵਿੱਚ ਵੇਖਣ ਨੂੰ ਮਿਲਦੀ ਹੈ। (ਘੱਟ / ਵੱਧ)

**8.** ਸੇਮ ਵਾਲੀ ਜ਼ਮੀਨ ਹਮੇਸ਼ਾ .................. ਹੀ ਰਹਿੰਦੀ ਹੈ। (ਗਿੱਲੀ / ਸੁੱਕੀ)

**9.** ਹਰੀ ਖਾਦ ਲਈ .................. ਦੀ ਬਿਜਾਈ ਕੀਤੀ ਜਾਂਦੀ ਹੈ। (ਜੰਤਰ / ਝੋਨੇ)

**10.** ਖੇਤੀਬਾੜੀ ਲਈ .................. ਜ਼ਮੀਨ ਸਭ ਤੋਂ ਵਧੀਆ ਮੰਨੀ ਗਈ ਹੈ। (ਰੇਤਲੀ / ਮੈਰਾ)

**ਉੱਤਰ : 6. ਚੀਕਣੀ 7. ਵੱਧ 8. ਗਿੱਲੀ 9. ਜੰਤਰ 10. ਮੈਰਾ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਤੇਜ਼ਾਬੀ ਜ਼ਮੀਨਾਂ ਦਾ ਸੁਧਾਰ ਚੂਨਾ ਪਾ ਕੇ ਕੀਤਾ ਜਾ ਸਕਦਾ ਹੈ।

**12.** ਖ਼ਾਰੀਆਂ ਜ਼ਮੀਨਾਂ ਨੂੰ ਸੁਧਾਰਨ ਲਈ ਜਿਪਸਮ ਵਰਤਿਆ ਜਾਂਦਾ ਹੈ।

**13.** ਪਾਣੀ ਲੱਗੇ ਖੇਤ ਵਿੱਚ ਵਹਾਈ ਕਰਨ ਨੂੰ ਕੱਦੂ ਕਰਨਾ ਕਹਿੰਦੇ ਹਨ।

**14.** ਲੂਣੀਆਂ ਭੂਮੀਆਂ ਵਿੱਚ ਸੋਡੀਅਮ ਦੇ ਕਾਰਬੋਨੇਟ ਅਤੇ ਬਾਈਕਾਰਬੋਨੇਟ ਵਾਲੇ ਲੂਣਾਂ ਦੀ ਮਾਤਰਾ ਵੱਧ ਹੁੰਦੀ ਹੈ।

**15.** ਚੀਕਣੀਆਂ ਜ਼ਮੀਨਾਂ ਵਿੱਚ ਪਾਣੀ ਬਹੁਤ ਦੇਰ ਤੱਕ ਖੜ੍ਹਾ ਰਹਿੰਦਾ ਹੈ।

**ਉੱਤਰ : 11. (✓) 12. (✓) 13. (✓) 14. (×) 15. (✓)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਭੂਮੀ ਦੇ ਕੋਈ ਤਿੰਨ ਭੌਤਿਕ ਗੁਣ ਲਿਖੋ ।**

ਉੱਤਰ : (ੳ) ਕਣਾਂ ਦਾ ਅਕਾਰ (ਅ) ਭੂਮੀ ਘਣਤਾ (ੲ) ਰੰਗ (ਸ) ਪਾਣੀ ਸੋਖਣ ਸ਼ਕਤੀ

**17. ਭੂਮੀ ਦੇ ਕੋਈ ਤਿੰਨ ਮੁੱਖ ਭਾਗ ਲਿਖੋ ।**

ਉੱਤਰ : (ੳ) ਖਣਿਜ (ਅ) ਜੈਵਿਕ ਪਦਾਰਥ (ੲ) ਹਵਾ (ਸ) ਪਾਣੀ

**18. ਰੇਤਲੀਆਂ ਭੂਮੀਆਂ ਦੇ ਕੋਈ ਤਿੰਨ ਗੁਣ ਲਿਖੋ ।**

ਉੱਤਰ : (ੳ) ਇਹ ਪਾਣੀ ਨੂੰ ਬਹੁਤ ਜਲਦੀ ਸੋਖਦੀ ਹੈ । (ਅ) ਇਸ ਦੇ ਕਣਾਂ ਦੀ ਚਿਪਕਣ ਸ਼ਕਤੀ ਬਹੁਤ ਘੱਟ ਹੁੰਦੀ ਹੈ ।

(ੲ) ਇਸ ਦੀ ਵਹਾਈ ਬਹੁਤ ਸੌਖੀ ਹੁੰਦੀ ਹੈ । (ਸ) ਇਸ ਦੇ ਕਣਾਂ ਦਾ ਆਕਾਰ ਵੱਡਾ ਹੁੰਦਾ ਹੈ ।

**19. ਭੂਮੀ ਦੇ ਕੋਈ ਤਿੰਨ ਰਸਾਇਣਿਕ ਗੁਣ ਲਿਖੋ ।**

ਉੱਤਰ : (ੳ) ਪੀ. ਐਚ. (pH) (ਅ) ਚਾਲਕਤਾ (E.C.) (ੲ) ਕੈਟਾਈਨ ਐਕਸਚੇਂਜ ਕਪੈਸਿਟੀ (C.E.C.)

**20. ਕੱਲਰ ਵਾਲੀਆਂ ਜ਼ਮੀਨਾਂ ਦੀਆਂ ਤਿੰਨ ਕਿਸਮਾਂ ਲਿਖੋ ।**

ਉੱਤਰ : (ੳ) ਲੂਣੀਆਂ ਜ਼ਮੀਨਾਂ (ਅ) ਖਾਰੀਆਂ ਜ਼ਮੀਨਾਂ (ੲ) ਲੂਣੀਆਂ-ਖਾਰੀਆਂ ਜ਼ਮੀਨਾਂ

**21. ਹਰੀ ਖਾਦ ਲਈ ਬੀਜੀਆਂ ਜਾਣ ਵਾਲੀਆਂ ਕੋਈ ਤਿੰਨ ਫ਼ਸਲਾਂ ਦੇ ਨਾਂ ਲਿਖੋ ।**

ਉੱਤਰ : (ੳ) ਜੰਤਰ (ਅ) ਸਣ (ੲ) ਗੁਆਰਾ

**22. ਸੇਮ ਵਾਲੀਆਂ ਜ਼ਮੀਨਾਂ ਵਿੱਚ ਫ਼ਸਲਾਂ ਨੂੰ ਆਉਣ ਵਾਲੀਆਂ ਕੋਈ ਤਿੰਨ ਸਮੱਸਿਆਵਾਂ ਲਿਖੋ ।**

ਉੱਤਰ : (ੳ) ਮਿੱਟੀ ਦੇ ਮੁਸਾਮ ਪਾਣੀ ਨਾਲ਼ ਭਰ ਜਾਂਦੇ ਹਨ । (ਅ) ਪੌਦਿਆਂ ਦੀਆਂ ਜੜ੍ਹਾਂ ਨੂੰ ਹਵਾ ਨਹੀਂ ਮਿਲਦੀ ਹੈ ।

(ੲ) ਜ਼ਮੀਨ ਵਿੱਚ ਆਕਸੀਜਨ ਦੀ ਮਾਤਰਾ ਘੱਟ ਜਾਂਦੀ ਹੈ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਰੇਤਲੀਆਂ ਜ਼ਮੀਨਾਂ ਨੂੰ ਸੁਧਾਰਨ ਦੇ ਕੋਈ ਚਾਰ ਉਪਾਅ ਲਿਖੋ ।**

ਉੱਤਰ :
(ੳ) ਹਰੀ ਖਾਦ ਲਈ ਜੰਤਰ ਜਾਂ ਸਣ ਨੂੰ ਜ਼ਮੀਨ ਵਿੱਚ ਦਬਾਓ ।
(ਅ) ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਦੀ ਖਾਦ ਪਾਉਣੀ ਬਹੁਤ ਲਾਭਦਾਇਕ ਹੈ ।
(ੲ) ਖੇਤ ਵਿੱਚ ਫਲੀਦਾਰ ਫ਼ਸਲਾਂ ਦੀ ਬਿਜਾਈ ਕਰਨੀ ਚਾਹੀਦੀ ਹੈ ।
(ਸ) ਛੱਪੜਾਂ ਦੀ ਚੀਕਣੀ ਮਿੱਟੀ ਵੀ ਇਹਨਾਂ ਖੇਤਾਂ ਵਿੱਚ ਪਾਉਣ ਨਾਲ਼ ਲਾਭ ਮਿਲਦਾ ਹੈ ।
(ਹ) ਰੇਤਲੀਆਂ ਜ਼ਮੀਨਾਂ ਨੂੰ ਪੱਧਰਾ ਕਰਕੇ ਸਿੰਚਾਈ ਲਈ ਛੋਟੇ ਕਿਆਰੇ ਬਣਾਓ ।

**24. ਸੇਮ ਵਾਲੀਆਂ ਜ਼ਮੀਨਾਂ ਨੂੰ ਸੁਧਾਰਨ ਦੇ ਕੋਈ ਚਾਰ ਢੰਗ ਲਿਖੋ ।**

ਉੱਤਰ :
(ੳ) ਸੇਮ ਨਾਲੇ ਬਣਾ ਕੇ ਖੜ੍ਹੇ ਪਾਣੀ ਦਾ ਨਿਕਾਸ ਕਰਨਾ ।
(ਅ) ਵੱਧ ਟਿਊਬਵੈੱਲ ਲਗਾ ਕੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰਨਾ ।
(ੲ) ਜੰਗਲਾਤ ਹੇਠ ਰਕਬਾ ਵਧਾਉਣਾ ।
(ਸ) ਵੱਧ ਪਾਣੀ ਲੈਣ ਵਾਲੀਆਂ ਸਹੀ ਫ਼ਸਲਾਂ ਦੀ ਕਾਸ਼ਤ ਕਰਨੀ ।
(ਹ) ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਕਰਨੀ ।

## ਪਾਠ - 2

## ਪਨੀਰੀਆਂ ਤਿਆਰ ਕਰਨਾ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਪੰਜਾਬ ਦਾ ਰਾਜ ਦਰਖ਼ਤ ਕਿਹੜਾ ਹੈ ?

(ੳ) ਬੋਹੜ (ਅ) ਨਿੰਮ (ੲ) ਟਾਹਲੀ (ਸ) ਪਿੱਪਲ

**2.** ਸਫ਼ੈਦੇ ਦੀ ਨਰਸਰੀ ਲਗਾਉਣ ਦਾ ਢੁਕਵਾਂ ਸਮਾਂ ਕਿਹੜਾ ਹੈ ?

(ੳ) ਫ਼ਰਵਰੀ-ਮਾਰਚ (ਅ) ਮਈ-ਜੂਨ (ੲ) ਜੁਲਾਈ-ਅਗਸਤ (ਸ) ਦਸੰਬਰ-ਜਨਵਰੀ

**3.** ਸਰਦੀ ਰੁੱਤ ਦਾ ਫੁੱਲ ਕਿਹੜਾ ਹੈ ?

(ੳ) ਸੂਰਜਮੁੱਖੀ (ਅ) ਜ਼ੀਨੀਆ (ੲ) ਕੋਚੀਆ (ਸ) ਬਰਫ

**4.** ਪਿਆਜ਼ ਦੀ ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਕਿੰਨਾ ਬੀਜ ਚਾਹੀਦਾ ਹੈ ?

(ੳ) 4-5 ਕਿਲੋ (ਅ) 40-50 ਗ੍ਰਾਮ (ੲ) 4-5 ਗ੍ਰਾਮ (ਸ) 4-5 ਕੁਇੰਟਲ

**5.** ਸਬਜ਼ੀਆਂ ਦੇ ਬੀਜਾਂ ਦੀ ਸੋਧ ਕਿਹੜੀ ਦਵਾਈ ਨਾਲ਼ ਕੀਤੀ ਜਾਂਦੀ ਹੈ ?

(ੳ) ਕਲੋਰਪਾਇਰੀਫਾਸ (ਅ) ਰਾਊਂਡ ਅੱਪ (ੲ) ਗਰੈਮਕਸੋਨ (ਸ) ਕੈਪਟਾਨ

**ਉੱਤਰ : 1. (ੲ) 2. (ੳ) 3. (ਸ) 4. (ੳ) 5. (ਸ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਸਾਡੇ ਦੇਸ਼ ਦੀ ਆਬਾਦੀ ਦਿਨੋਂ-ਦਿਨ .................. ਜਾ ਰਹੀ ਹੈ । (ਘੱਟਦੀ / ਵਧਦੀ)

**7.** ਪਨੀਰੀ ਤਿਆਰ ਕਰਨ ਵਾਲੀ ਥਾਂ ਤੇ ਘੱਟੋ-ਘੱਟ .................. ਘੰਟੇ ਸੂਰਜ ਦੀ ਰੌਸ਼ਨੀ ਪੈਂਦੀ ਹੋਵੇ । (ਅੱਠ / ਤਿੰਨ)

**8.** ਪਨੀਰੀ ਨੂੰ ਪੁੱਟਣ ਤੋਂ ..............ਦਿਨ ਪਹਿਲਾਂ ਨਰਸਰੀ ਨੂੰ ਪਾਣੀ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ । (4 / 40)

**9.** .................. ਰਾਹੀਂ ਬੂਟੇ ਤਿਆਰ ਕਰਨਾ ਇੱਕ ਸੌਖਾ ਅਤੇ ਸਸਤਾ ਢੰਗ ਹੈ । (ਪਿਉਂਦ / ਬੀਜ)

**10.** .................. ਤੇਜ਼ੀ ਨਾਲ਼ ਵਧਣ ਵਾਲਾ ਦਰਖ਼ਤ ਹੈ । (ਸਫ਼ੈਦਾ / ਪਿੱਪਲ)

**ਉੱਤਰ : 6. ਵਧਦੀ 7. ਅੱਠ 8. 4 9. ਬੀਜ 10. ਸਫ਼ੈਦਾ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਪਨੀਰੀ ਤਿਆਰ ਕਰਨ ਲਈ ਕਿਆਰੀ ਜ਼ਮੀਨ ਤੋਂ 15 ਸੈਂਟੀਮੀਟਰ ਉੱਚੀ ਹੋਣੀ ਚਾਹੀਦੀ ਹੈ ।

**12.** ਬੀਜ ਰਾਹੀਂ ਤਿਆਰ ਕੀਤੇ ਪੌਦੇ ਆਕਾਰ ਵਿੱਚ ਛੋਟੇ ਰਹਿੰਦੇ ਹਨ ।

**13.** ਕਲਮਾਂ ਰਾਹੀਂ ਬੂਟੇ ਘੱਟ ਸਮੇਂ ਵਿੱਚ ਸੌਖੇ ਅਤੇ ਸਸਤੇ ਤਿਆਰ ਹੋ ਜਾਂਦੇ ਹਨ ।

**14.** ਪਾਪਲਰ ਦੀ ਨਰਸਰੀ ਤਿਆਰ ਕਰਨ ਲਈ ਕਲਮਾਂ ਦੀ ਲੰਬਾਈ 20-25 ਮੀਟਰ ਹੋਣੀ ਚਾਹੀਦੀ ਹੈ ।

**15.** ਪਾਪਲਰ ਵਣ ਖੇਤੀ ਦਾ ਮੁੱਖ ਪੌਦਾ ਹੈ ।

**ਉੱਤਰ : 11. (✓) 12. (×) 13. (✓) 14. (×) 15. (✓)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਬੀਜ ਰਾਹੀਂ ਤਿਆਰ ਕੀਤੇ ਜਾ ਸਕਣ ਵਾਲੇ ਕੋਈ ਤਿੰਨ ਪੌਦਿਆਂ ਦੇ ਨਾਂ ਲਿਖੋ ।**

ਉੱਤਰ : **(ੳ)** ਪਪੀਤਾ **(ਅ)** ਜਾਮੁਨ **(ੲ)** ਫਾਲਸਾ **(ਸ)** ਕਰੋਂਦਾ

**17. ਸਰਦੀ ਰੁੱਤ ਦੇ ਕੋਈ ਤਿੰਨ ਫੁੱਲਾਂ ਦੇ ਨਾਂ ਲਿਖੋ ।**

ਉੱਤਰ : (ੳ) ਬਰਫ (ਅ) ਗਾਰਡਨ ਪੀ (ੲ) ਫਲੋਕਸ (ਸ) ਪਟੂਨੀਆ

**18. ਕਲਮਾਂ ਰਾਹੀਂ ਬੂਟੇ ਤਿਆਰ ਕਰਨ ਦੇ ਕੋਈ ਦੋ ਲਾਭ ਲਿਖੋ ।**

ਉੱਤਰ : (ੳ) ਬੂਟੇ ਘੱਟ ਸਮੇਂ ਵਿੱਚ ਤਿਆਰ ਹੋ ਜਾਂਦੇ ਹਨ । (ਅ) ਬੂਟੇ ਸਸਤੇ ਤਿਆਰ ਹੋ ਜਾਂਦੇ ਹਨ ।

**19. ਪਿਉਂਦ ਰਾਹੀਂ ਤਿਆਰ ਕੀਤੇ ਜਾ ਸਕਣ ਵਾਲੇ ਕੋਈ ਤਿੰਨ ਫਲਦਾਰ ਪੌਦਿਆਂ ਦੇ ਨਾਂ ਲਿਖੋ ।**

ਉੱਤਰ : ਕਿੰਨੂ, ਅੰਬ, ਅਮਰੂਦ, ਸੇਬ ਅਤੇ ਨਾਸ਼ਪਾਤੀ ।

**20. ਪਨੀਰੀ ਰਾਹੀਂ ਤਿਆਰ ਕੀਤੀਆਂ ਜਾ ਸਕਣ ਵਾਲੀਆਂ ਕੋਈ ਤਿੰਨ ਸਬਜ਼ੀਆਂ ਦੇ ਨਾਂ ਲਿਖੋ ।**

ਉੱਤਰ : ਟਮਾਟਰ, ਮਿਰਚ, ਸ਼ਿਮਲਾ ਮਿਰਚ, ਬੈਂਗਣ, ਪਿਆਜ਼, ਫੁੱਲ ਗੋਭੀ, ਬੰਦ ਗੋਭੀ ਅਤੇ ਬਰੌਕਲੀ ।

**21. ਗਰਮੀ ਰੁੱਤ ਦੇ ਤਿੰਨ ਫੁੱਲਾਂ ਦੇ ਨਾਂ ਲਿਖੋ ।**

ਉੱਤਰ : ਸੂਰਜਮੁਖੀ, ਜ਼ੀਨੀਆ ਅਤੇ ਕੋਚੀਆ ।

**22. ਪੰਜਾਬ ਵਿੱਚ ਵਣ ਖੇਤੀ ਲਈ ਕਾਸ਼ਤ ਕੀਤੇ ਜਾਣ ਵਾਲੇ ਕੋਈ ਤਿੰਨ ਰੁੱਖਾਂ ਦੇ ਨਾਂ ਲਿਖੋ ।**

ਉੱਤਰ : ਪਾਪਲਰ, ਸਫੈਦਾ, ਧਰੇਕ ਅਤੇ ਟਾਹਲੀ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਪਨੀਰੀ ਤਿਆਰ ਕਰਨ ਦੇ ਕੋਈ ਚਾਰ ਲਾਭ ਲਿਖੋ ।**

ਉੱਤਰ :

(ੳ) ਕਈ ਬੀਜ ਬਹੁਤ ਮਹਿੰਗੇ ਹੁੰਦੇ ਹਨ । ਪਨੀਰੀ ਰਾਹੀਂ ਇਨ੍ਹਾਂ ਦੀ ਸਹੀ ਸੰਭਾਲ ਕੀਤੀ ਜਾ ਸਕਦੀ ਹੈ ।

(ਅ) ਕਈ ਬੀਜ ਬਹੁਤ ਛੋਟੇ ਹੁੰਦੇ ਹਨ ਕਿ ਉਨ੍ਹਾਂ ਨੂੰ ਸਿੱਧਾ ਖੇਤ ਵਿੱਚ ਬੀਜਣਾ ਔਖਾ ਹੁੰਦਾ ਹੈ ।

(ੲ) ਪਨੀਰੀ ਤਿਆਰ ਹੋਣ ਤੱਕ ਵਿਹਲੀ ਜ਼ਮੀਨ ਵਿੱਚ ਕੋਈ ਹੋਰ ਫ਼ਸਲ ਬੀਜੀ ਜਾ ਸਕਦੀ ਹੈ ।

(ਸ) ਲੋੜ ਅਨੁਸਾਰ ਅਗੇਤੀ ਅਤੇ ਪਿਛੇਤੀ ਫ਼ਸਲ ਲਈ ਪਨੀਰੀ ਤਿਆਰ ਕਰਕੇ ਵਧੇਰੇ ਲਾਭ ਲਿਆ ਜਾ ਸਕਦਾ ਹੈ ।

(ਹ) ਥੋੜ੍ਹੀ ਜਗ੍ਹਾ ਵਿੱਚ ਪਨੀਰੀ ਹੋਣ ਕਰਕੇ ਇਸ ਨੂੰ ਗਰਮੀ ਅਤੇ ਸਰਦੀ ਦੀ ਮਾਰ ਤੋਂ ਬਚਾਇਆ ਜਾ ਸਕਦਾ ਹੈ ।

(ਕ) ਕਮਜ਼ੋਰ ਪੌਦਿਆਂ ਨੂੰ ਖੇਤ ਵਿੱਚ ਲਾਉਣ ਤੋਂ ਪਹਿਲਾਂ ਕੱਢਿਆ ਜਾ ਸਕਦਾ ਹੈ ।

**24. ਪਨੀਰੀ ਤਿਆਰ ਕਰਨ ਲਈ ਥਾਂ ਦੀ ਚੋਣ ਕਰਦੇ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ ।**

ਉੱਤਰ :

(ੳ) ਪਨੀਰੀ ਵਾਲੀ ਥਾਂ ਤੇ ਘੱਟੋ-ਘੱਟ 8 ਘੰਟੇ ਸੂਰਜ ਦੀ ਰੌਸ਼ਨੀ ਪੈਂਦੀ ਹੋਵੇ ।

(ਅ) ਰੁੱਖਾਂ ਦੀ ਛਾਂ ਹੇਠ ਪਨੀਰੀ ਨਹੀਂ ਬੀਜਣੀ ਚਾਹੀਦੀ ।

(ੲ) ਜ਼ਮੀਨ ਵਿੱਚ ਪੱਥਰ-ਰੋੜੇ ਨਹੀਂ ਹੋਣੇ ਚਾਹੀਦੇ ।

(ਸ) ਸਿੰਚਾਈ ਲਈ ਪਾਣੀ ਦਾ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ ।

(ਹ) ਪਨੀਰੀ ਤਿਆਰ ਕਰਨ ਵਾਲੀ ਥਾਂ ਵਿੱਚੋਂ ਵਾਧੂ ਪਾਣੀ ਨਿਕਲਣ ਦਾ ਸਹੀ ਪ੍ਰਬੰਧ ਹੋਣਾ ਚਾਹੀਦਾ ਹੈ ।

(ਕ) ਰੇਤਲੀ ਮੈਰਾ ਜ਼ਮੀਨ ਜਾਂ ਚੀਕਣੀ ਮੈਰਾ ਜ਼ਮੀਨ ਪਨੀਰੀ ਤਿਆਰ ਕਰਨ ਲਈ ਬਹੁਤ ਵਧੀਆ ਰਹਿੰਦੀ ਹੈ ।

## ਪਾਠ - 3

## ਜ਼ਮੀਨ ਦੀ ਪੈਮਾਇਸ਼ ਤੇ ਰਿਕਾਰਡ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਜ਼ਮੀਨ ਸਬੰਧੀ ਸੁਧਾਰਾਂ ਦਾ ਮੋਢੀ ਕਿਸ ਬਾਦਸ਼ਾਹ ਨੂੰ ਕਿਹਾ ਜਾਂਦਾ ਹੈ ?

(ੳ) ਸ਼ਾਹਜਹਾਂ (ਅ) ਜਹਾਂਗੀਰ (ੲ) ਔਰੰਗਜ਼ੇਬ (ਸ) ਅਕਬਰ

**2.** ਭੂਮੀ ਦੀ ਪੈਮਾਇਸ਼ (ਮਿਣਤੀ) ਕਰਨ ਲਈ ਲੋਹੇ ਦੀਆਂ ਕੜੀਆਂ ਦੀ ਬਣੀ ਹੋਈ ਚੇਨ ਨੂੰ ਕੀ ਕਿਹਾ ਜਾਂਦਾ ਹੈ ?

(ੳ) ਜਰੀਬ (ਅ) ਫੀਤਾ (ੲ) ਰੱਸੀ (ਸ) ਇੰਚ ਟੇਪ

**3.** ਲੱਠੇ ਦੇ ਕੱਪੜੇ ਤੇ ਬਣੇ ਪਿੰਡ ਦੇ ਨਕਸ਼ੇ ਨੂੰ ਕੀ ਕਹਿੰਦੇ ਹਨ ?

(ੳ) ਸ਼ਿਜਰਾ (ਅ) ਕਿਸ਼ਤਵਾਰ (ੲ) ਪਾਰਚਾ (ਸ) ਇਹ ਸਾਰੇ

**4.** ਜ਼ਮੀਨ ਦੇ ਇੱਕ ਮਾਲਕ ਤੋਂ ਦੂਸਰੇ ਦੇ ਨਾਮ ਮਾਲਕੀ ਅਧਿਕਾਰ ਤਬਦੀਲ ਕਰਨ ਨੂੰ ਕੀ ਕਹਿੰਦੇ ਹਨ ?

(ੳ) ਮੁਰੱਬਾਬੰਦੀ (ਅ) ਗੋਸ਼ਵਾਰਾ (ੲ) ਇੰਤਕਾਲ (ਸ) ਗਿਰਦਾਵਰੀ

**5.** ਇੱਕ ਹੈਕਟੇਅਰ ਵਿੱਚ ਕਿੰਨੇ ਏਕੜ ਹੁੰਦੇ ਹਨ ?

(ੳ) ਇੱਕ (ਅ) ਦੋ (ੲ) ਢਾਈ (ਸ) ਪੰਜ

**ਉੱਤਰ : 1. (ਸ) 2. (ੳ) 3. (ਸ) 4. (ੲ) 5. (ੲ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਇੱਕ ਹੈਕਟੇਅਰ ਵਿੱਚ ............... ਕਿੱਲੇ (ਏਕੜ) ਹੁੰਦੇ ਹਨ । (2.5 / 5)

**7.** ਇੱਕ ਕਨਾਲ ਵਿੱਚ .................... ਮਰਲੇ ਹੁੰਦੇ ਹਨ । (10 / 20)

**8.** ਨਵੀਂ ਜਮ੍ਹਾਬੰਦੀ ..................... ਸਾਲਾਂ ਬਾਅਦ ਤਿਆਰ ਹੁੰਦੀ ਹੈ । (5 / 15)

**9.** ਸਾਰੀਆਂ ਫ਼ਸਲਾਂ ਦੇ ਸਾਰਨੀਬੱਧ ਕੁੱਲ ਜੋੜ ਨੂੰ ..................... ਕਿਹਾ ਜਾਂਦਾ ਹੈ । (ਗੋਸ਼ਵਾਰਾ / ਇੰਤਕਾਲ)

**10.** ਮੁਰੱਬਾਬੰਦੀ ਕਰਨ ਨਾਲ਼ ਜ਼ਮੀਨ ਨਾਲ਼ ਸਬੰਧਿਤ ਹਰ ਕੰਮ ................. ਹੋ ਜਾਂਦਾ ਹੈ । (ਔਖਾ / ਸੌਖਾ)

**ਉੱਤਰ : 6. 2.5 7. 20 8. 5 9. ਗੋਸ਼ਵਾਰਾ 10. ਸੌਖਾ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਝਗੜੇ ਵਾਲੀ ਜ਼ਮੀਨ ਦੀ ਗਿਰਦਾਵਰੀ ਦਰੁਸਤੀ ਡਾਕਟਰ ਕਰਦਾ ਹੈ ।

**12.** ਪਟਵਾਰੀ ਇੰਤਕਾਲ ਦਰਜ ਕਰਦਾ ਹੈ ।

**13.** ਜਰੀਬ ਦੀ ਲੰਬਾਈ 65 ਫੁੱਟ ਹੁੰਦੀ ਹੈ ।

**14.** ਪੁਰਾਣੇ ਜ਼ਮਾਨੇ ਵਿੱਚ ਜ਼ਮੀਨ ਦੀ ਮਿਣਤੀ ਰੱਸੀ ਨਾਲ਼ ਕੀਤੀ ਜਾਂਦੀ ਸੀ ।

**15.** ਮੁਰੱਬਾਬੰਦੀ 1980 ਦੇ ਦਹਾਕੇ ਵਿੱਚ ਸ਼ੁਰੂ ਹੋਈ ਸੀ ।

**ਉੱਤਰ : 11. (×) 12. (✓) 13. (×) 14. (✓) 15. (×)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਸ਼ਿਜਰਾ ਦੇ ਕੋਈ ਹੋਰ ਤਿੰਨ ਨਾਂ ਲਿਖੋ ।**

ਉੱਤਰ : ਕਿਸ਼ਤਵਾਰ, ਪਾਰਚਾ, ਲੱਠਾ ।

**17. ਹਾੜ੍ਹੀ ਦੀ ਗਿਰਦਾਵਰੀ ਕਦੋਂ ਕੀਤੀ ਜਾਂਦੀ ਹੈ ?**

ਉੱਤਰ : ਹਾੜ੍ਹੀ ਦੀ ਗਿਰਦਾਵਰੀ 1 ਮਾਰਚ ਤੋਂ 31 ਮਾਰਚ ਤੱਕ ਕੀਤੀ ਜਾਂਦੀ ਹੈ ।

**18. ਘਰ ਵਿੱਚ ਕੰਪਿਊਟਰ ਤੇ ਜ਼ਮੀਨ ਦਾ ਰਿਕਾਰਡ ਕਿਹੜੀ ਵੈੱਬਸਾਈਟ ਤੇ ਵੇਖਿਆ ਜਾ ਸਕਦਾ ਹੈ ?**

ਉੱਤਰ : ਘਰ ਬੈਠੇ ਕੰਪਿਊਟਰ ਤੇ ਜ਼ਮੀਨ ਦਾ ਰਿਕਾਰਡ www.plrs.org.in ਵੈੱਬਸਾਈਟ ਤੇ ਵੇਖਿਆ ਜਾ ਸਕਦਾ ਹੈ ।

**19. ਨਿਸ਼ਾਨਦੇਹੀ ਕਰਨ ਲਈ ਲੋੜੀਂਦੀਆਂ ਦੋ ਵਸਤੂਆਂ ਦੇ ਨਾਂ ਲਿਖੋ ।**

ਉੱਤਰ : ਨਿਸ਼ਾਨਦੇਹੀ ਕਰਨ ਲਈ ਲੱਠੇ ਕੱਪੜੇ ਉੱਤੇ ਬਣਿਆ ਨਕਸ਼ਾ (ਸ਼ਿਜਰਾ) ਅਤੇ ਜਰੀਬ ਦੀ ਲੋੜ ਹੁੰਦੀ ਹੈ ।

**20. ਜ਼ਮੀਨ ਦੀ ਤਕਸੀਮ ਜਾਂ ਵੰਡ ਕਰਨ ਨਾਲ਼ ਕਿਸਾਨ ਨੂੰ ਹੋਣ ਵਾਲੇ ਕੋਈ ਦੋ ਲਾਭ ਲਿਖੋ ।**

ਉੱਤਰ : (ੳ) ਉਹ ਆਪਣੇ ਹਿੱਸੇ ਆਈ ਜ਼ਮੀਨ ਨੂੰ ਵੇਚ ਸਕਦਾ ਹੈ । (ਅ) ਉਹ ਬੈਂਕ ਤੋਂ ਕਰਜ਼ਾ ਲੈ ਸਕਦਾ ਹੈ ।

**21. ਜੈਦ ਫ਼ਸਲਾਂ ਦੀ ਦੋ ਵਾਰੀ ਗਿਰਦਾਵਰੀ ਕਿਹੜੇ-ਕਿਹੜੇ ਸਮੇਂ ਕੀਤੀ ਜਾਂਦੀ ਹੈ ?**

ਉੱਤਰ : ਜੈਦ ਫ਼ਸਲਾਂ ਦੀ ਗਿਰਦਾਵਰੀ 1 ਮਈ ਤੋਂ 15 ਮਈ ਤੱਕ ਅਤੇ 1 ਦਸੰਬਰ ਤੋਂ 15 ਦਸੰਬਰ ਤੱਕ ਕੀਤੀ ਜਾਂਦੀ ਹੈ ।

**22. ਇੱਕ ਕਿੱਲੇ (ਏਕੜ) ਵਿੱਚ ਕਿੰਨੀਆਂ ਕਨਾਲ਼ਾਂ ਜਾਂ ਕਿੰਨੇ ਮਰਲੇ ਹੁੰਦੇ ਹਨ ?**

ਉੱਤਰ : ਇੱਕ ਕਿੱਲੇ ਵਿੱਚ 8 ਕਨਾਲ਼ਾਂ ਜਾਂ 160 ਮਰਲੇ ਹੁੰਦੇ ਹਨ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਜ਼ਮੀਨ ਦੀ ਪੈਮਾਇਸ਼ ਲਈ ਕੋਈ ਚਾਰ ਪੈਮਾਨੇ / ਲੰਬਾਈ ਦੇ ਮਾਪ ਲਿਖੋ ।**

ਉੱਤਰ :

| | | | | | | | |
|---|---|---|---|---|---|---|---|
| (ੳ) | 1 ਫ਼ੁੱਟ | = | 12 ਇੰਚ | (ਅ) | 1 ਕਨਾਲ | = | 20 ਮਰਲੇ |
| (ੲ) | 1 ਹੈਕਟੇਅਰ | = | 2.5 ਏਕੜ | (ਸ) | 1 ਕਿੱਲਾ | = | 8 ਕਨਾਲ |
| (ਹ) | 1 ਕਰਮ | = | 66 ਇੰਚ | (ਕ) | 1 ਫ਼ਰਲਾਂਗ | = | 220 ਗਜ਼ |

**24. ਜਮ੍ਹਾਬੰਦੀ ਲਈ ਜ਼ਮੀਨ ਦੀ ਮਾਲਕੀ ਵਿੱਚ ਹੋਣ ਵਾਲੀਆਂ ਕੋਈ ਚਾਰ ਤਬਦੀਲੀਆਂ ਲਿਖੋ ।**

ਉੱਤਰ :

(ੳ) ਜ਼ਮੀਨ ਦਾ ਕੋਈ ਹਿੱਸਾ ਗਹਿਣੇ ਕਰਨਾ ।

(ਅ) ਜ਼ਮੀਨ ਦਾ ਕੋਈ ਹਿੱਸਾ ਬੈਅ ਕਰਨਾ ।

(ੲ) ਜ਼ਮੀਨ ਦਾ ਤਬਾਦਲਾ ਕਰਨਾ ।

(ਸ) ਜ਼ਮੀਨ ਦਾ ਵਿਰਾਸਤ ਵਿੱਚ ਮਿਲਣਾ ।

(ਹ) ਜ਼ਮੀਨ ਦਾ ਨਹਿਰੀ ਤੋਂ ਬਰਾਨੀ ਬਣਨਾ ।

(ਕ) ਜ਼ਮੀਨ ਦੇ ਮਾਮਲੇ ਅਤੇ ਬਟਾਈ ਵਿੱਚ ਤਬਦੀਲੀ ਹੋਣੀ ।

(ਖ) ਜ਼ਮੀਨ ਦੇ ਕਾਸ਼ਤਕਾਰਾਂ ਦਾ ਬਦਲਣਾ ।

## ਪਾਠ - 4

## ਸੂਰਜੀ ਊਰਜਾ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਸੂਰਜੀ ਊਰਜਾ ਨਾਲ਼ ਫਲਾਂ ਅਤੇ ਸਬਜ਼ੀਆਂ ਨੂੰ ਸੁਕਾਉਣ ਲਈ ਕਿਹੜੇ ਯੰਤਰ ਦੀ ਵਰਤੋਂ ਕੀਤੀ ਜਾਂਦੀ ਹੈ ?

(ੳ) ਸੋਲਰ ਕੁੱਕਰ (ਅ) ਸੋਲਰ ਡਰਾਇਅਰ (ੲ) ਸੋਲਰ ਲਾਲਟੈਣ (ਸ) ਸੋਲਰ ਵਾਟਰ ਪੰਪ

**2.** ਸੋਲਰ ਕੁੱਕਰ ਦੀ ਵਰਤੋਂ ਨਾਲ਼ ਕਿੰਨੇ ਪ੍ਰਤੀਸ਼ਤ ਰਵਾਇਤੀ ਬਾਲਣ ਬਚ ਸਕਦਾ ਹੈ ?

(ੳ) 0 - 5% (ਅ) 5 - 10% (ੲ) 10 - 15% (ਸ) 20 - 50%

**3.** ਸੋਲਰ ਵਾਟਰ ਪੰਪ ਨਾਲ ਕੀ ਚਲਾਇਆ ਜਾਂਦਾ ਹੈ ?

(ੳ) ਟਿਊਬਵੈੱਲ (ਅ) ਹੀਟਰ (ੲ) ਲਾਲਟੈਣ (ਸ) ਡਰਾਇਅਰ

**4.** ਸੋਲਰ ਡਰਾਇਅਰ ਦਾ ਸ਼ੀਸ਼ਾ ਹਮੇਸ਼ਾ ਕਿਹੜੀ ਦਿਸ਼ਾ ਵੱਲ ਨੂੰ ਹੋਣਾ ਚਾਹੀਦਾ ਹੈ ?

(ੳ) ਉੱਤਰ (ਅ) ਦੱਖਣ (ੲ) ਪੂਰਬ (ਸ) ਪੱਛਮ

**5.** ਗ਼ੈਰ-ਰਵਾਇਤੀ ਊਰਜਾ ਦਾ ਸੋਮਾ ਕਿਹੜਾ ਹੈ ?

(ੳ) ਬਾਇਓ ਗੈਸ (ਅ) ਸੂਰਜੀ ਊਰਜਾ (ੲ) ਰਸਾਇਣ ਊਰਜਾ (ਸ) ਇਹ ਸਾਰੇ

**ਉੱਤਰ : 1. (ਅ) 2. (ਸ) 3. (ੳ) 4. (ਅ) 5. (ਸ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਸੋਲਰ ................. ਨਾਲ਼ ਫਲ ਅਤੇ ਸਬਜ਼ੀਆਂ ਨੂੰ ਸੁਕਾਇਆ ਜਾ ਸਕਦਾ ਹੈ । (ਡਰਾਇਅਰ / ਪੰਪ)

**7.** ਸੋਲਰ ................. ਨਾਲ਼ ਭੋਜਨ ਪਕਾਇਆ ਜਾਂਦਾ ਹੈ । (ਲਾਲਟੈਣ / ਕੁੱਕਰ)

**8.** ਰੋਸ਼ਨੀ ਕਰਨ ਲਈ ਸੋਲਰ ................... ਦੀ ਵਰਤੋਂ ਕੀਤੀ ਜਾਂਦੀ ਹੈ । (ਹੀਟਰ / ਲਾਲਟੈਣ)

**9.** ਸੋਲਰ ਡਰਾਇਅਰ ਦਾ ਬਕਸਾ ਅੰਦਰਲੇ ਪਾਸਿਓਂ ................. ਰੰਗ ਦਾ ਹੁੰਦਾ ਹੈ । (ਕਾਲੇ / ਹਰੇ)

**10.** ਕੁਦਰਤ ਵਿੱਚ ਗ਼ੈਰ-ਰਵਾਇਤੀ ਊਰਜਾ ਸੋਮੇ ................ ਮਾਤਰਾ ਵਿੱਚ ਪ੍ਰਾਪਤ ਹੁੰਦੇ ਹਨ । (ਵੱਧ / ਘੱਟ)

**ਉੱਤਰ : 6. ਡਰਾਇਅਰ 7. ਕੁੱਕਰ 8. ਲਾਲਟੈਣ 9. ਕਾਲੇ 10. ਵੱਧ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਸੋਲਰ ਲਾਲਟੈਣ ਨੂੰ ਭੋਜਨ ਪਕਾਉਣ ਲਈ ਵਰਤਿਆ ਜਾਂਦਾ ਹੈ ।

**12.** ਸੋਲਰ ਸੈੱਲ ਦੀ ਵਰਤੋਂ ਨਾਲ਼ ਸੂਰਜ ਦੀਆਂ ਕਿਰਨਾਂ ਤੋਂ ਬਿਜਲੀ ਪੈਦਾ ਕੀਤੀ ਜਾਂਦੀ ਹੈ ।

**13.** ਸੋਲਰ ਕੁੱਕਰ ਨੂੰ ਰੋਟੀ ਪਕਾਉਣ ਲਈ ਵਰਤਿਆ ਜਾ ਸਕਦਾ ਹੈ ।

**14.** ਸੋਲਰ ਲਾਲਟੈਣ ਸੂਰਜ ਦੀ ਰੌਸ਼ਨੀ ਨਾਲ਼ ਚਾਰਜ ਕੀਤੀ ਜਾਂਦੀ ਹੈ ।

**15.** ਸੋਲਰ ਸਟਰੀਟ ਲਾਈਟ ਸੂਰਜੀ ਊਰਜਾ ਨਾਲ਼ ਵਸਤੂਆਂ ਨੂੰ ਸੁਕਾਉਣ ਦੇ ਕੰਮ ਆਉਂਦੀ ਹੈ ।

**ਉੱਤਰ : 11. (×) 12. (✓) 13. (×) 14. (✓) 15. (×)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਰਵਾਇਤੀ ਊਰਜਾ ਦੇ ਕੋਈ ਤਿੰਨ ਸੋਮਿਆਂ ਦੇ ਨਾਂ ਲਿਖੋ ।**

ਉੱਤਰ : ਪੈਟਰੋਲ, ਡੀਜ਼ਲ, ਕੋਲਾ ਅਤੇ ਮਿੱਟੀ ਦਾ ਤੇਲ ਆਦਿ ।

**17. ਗ਼ੈਰ-ਰਵਾਇਤੀ ਊਰਜਾ ਦੇ ਕੋਈ ਤਿੰਨ ਸੋਮਿਆਂ ਦੇ ਨਾਂ ਲਿਖੋ ।**

ਉੱਤਰ : ਬਾਇਓ ਗੈਸ, ਸੂਰਜੀ ਊਰਜਾ, ਰਸਾਇਣ ਊਰਜਾ ਅਤੇ ਪੌਣ ਊਰਜਾ ਆਦਿ ।

**18. ਸੋਲਰ ਡਰਾਇਅਰ ਵਿੱਚ ਸੁਕਾਇਆ ਜਾ ਸਕਣ ਵਾਲੀਆਂ ਕੋਈ ਤਿੰਨ ਵਸਤੂਆਂ ਦੇ ਨਾਂ ਲਿਖੋ ।**

ਉੱਤਰ : ਲਾਲ ਮਿਰਚ, ਪਾਲਕ, ਮੇਥੀ, ਲਸਣ, ਪਿਆਜ਼, ਅੰਬ ਦਾ ਚੂਰਨ, ਅਦਰਕ ਅਤੇ ਪਾਲਕ ਆਦਿ ।

**19. ਸੂਰਜ ਦੀ ਗਰਮੀ ਨਾਲ਼ ਪਾਣੀ ਗਰਮ ਕਰਨ ਵਾਲੇ ਦੋ ਪ੍ਰਕਾਰ ਦੇ ਹੀਟਰਾਂ ਦੇ ਨਾਂ ਲਿਖੋ ।**

ਉੱਤਰ : (ੳ) ਥਰਮੋਸਾਈਫੀਨ ਸੋਲਰ ਵਾਟਰ ਹੀਟਰ (ਅ) ਸਟੋਰੇਜ-ਕਮ-ਕੁਲੈਕਟਰ ਸੋਲਰ ਵਾਟਰ ਹੀਟਰ

**20. ਸੋਲਰ ਵਾਟਰ ਹੀਟਰ ਦੇ ਸ਼ੀਸ਼ੇ ਉੱਪਰ ਧੂੜ ਦੇ ਕਣ ਜੰਮਣ ਦੇ ਕੋਈ ਦੋ ਨੁਕਸਾਨ ਲਿਖੋ ।**

ਉੱਤਰ : (ੳ) ਸੂਰਜ ਦੀਆਂ ਕਿਰਨਾਂ ਸ਼ੀਸ਼ੇ ਤੱਕ ਨਹੀਂ ਪਹੁੰਚਦੀਆਂ ਹਨ ।(ਅ) ਪਾਣੀ ਦੇਰੀ ਨਾਲ਼ ਅਤੇ ਘੱਟ ਗਰਮ ਹੁੰਦਾ ਹੈ ।

**21. ਸਿੱਧੀ ਧੁੱਪ ਵਿੱਚ ਫਲ ਅਤੇ ਸਬਜ਼ੀਆਂ ਸੁਕਾਉਣ ਦੇ ਕੋਈ ਦੋ ਨੁਕਸਾਨ ਲਿਖੋ ।**

ਉੱਤਰ : (ੳ) ਸਿੱਧੀ ਧੁੱਪ ਵਿੱਚ ਸੁਕਾਉਣ ਨਾਲ਼ ਫਲ ਅਤੇ ਸਬਜ਼ੀਆਂ ਸੁਕਾਉਣ ਨਾਲ਼ ਉਹਨਾਂ ਦਾ ਰੰਗ ਬਦਲ ਜਾਂਦਾ ਹੈ ।

(ਅ) ਇਹਨਾਂ ਵਿਚਲੇ ਕੁੱਝ ਖ਼ੁਰਾਕੀ ਤੱਤ ਵੀ ਨਸ਼ਟ ਹੋ ਜਾਂਦੇ ਹਨ ।

**22. ਕੁਦਰਤੀ ਊਰਜਾ ਦੇ ਸੋਮਿਆਂ ਦੀਆਂ ਦੋ ਕਿਸਮਾਂ ਦੇ ਨਾਂ ਲਿਖੋ ।**

ਉੱਤਰ : (ੳ) ਰਵਾਇਤੀ ਊਰਜਾ ਦੇ ਸੋਮੇ (ਅ) ਗ਼ੈਰ-ਰਵਾਇਤੀ ਊਰਜਾ ਦੇ ਸੋਮੇ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਸੂਰਜੀ ਊਰਜਾ ਨਾਲ਼ ਚੱਲਣ ਵਾਲੇ ਕਿਸੇ ਚਾਰ ਯੰਤਰਾਂ ਦੇ ਨਾਂ ਅਤੇ ਉਹਨਾਂ ਦੇ ਕੰਮ ਲਿਖੋ ।**

ਉੱਤਰ :

(ੳ) ਸੋਲਰ ਡਰਾਇਅਰ : ਇਹ ਫਲ ਅਤੇ ਸਬਜ਼ੀਆਂ ਸੁਕਾਉਣ ਦੇ ਕੰਮ ਆਉਂਦਾ ਹੈ ।

(ਅ) ਸੋਲਰ ਕੁੱਕਰ : ਇਹ ਭੋਜਨ ਪਕਾਉਣ ਦੇ ਕੰਮ ਆਉਂਦਾ ਹੈ ।

(ੲ) ਸੋਲਰ ਸਟਰੀਟ ਲਾਈਟ : ਇਹ ਗਲੀਆਂ ਅਤੇ ਸੜਕਾਂ 'ਤੇ ਰੌਸ਼ਨੀ ਕਰਨ ਲਈ ਵਰਤੀ ਜਾਂਦੀ ਹੈ ।

(ਸ) ਸੋਲਰ ਵਾਟਰ ਹੀਟਰ : ਇਹ ਪਾਣੀ ਗਰਮ ਕਰਨ ਦੇ ਕੰਮ ਆਉਂਦਾ ਹੈ ।

(ਹ) ਸੋਲਰ ਲਾਲਟੈਣ : ਇਹ ਰੌਸ਼ਨੀ ਕਰਨ ਦੇ ਕੰਮ ਆਉਂਦੀ ਹੈ ।

(ਕ) ਸੋਲਰ ਵਾਟਰ ਪੰਪ : ਇਸ ਨਾਲ਼ ਟਿਊਬਵੈੱਲ ਚਲਾਇਆ ਜਾਂਦਾ ਹੈ ।

**24. ਭੋਜਨ ਪਕਾਉਣ ਲਈ ਸੋਲਰ ਕੁੱਕਰ ਦੀ ਵਰਤੋਂ ਕਰਦੇ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ ।**

ਉੱਤਰ :

(ੳ) ਸੋਲਰ ਕੁੱਕਰ ਨੂੰ ਪਹਿਲਾਂ ਸੂਰਜ ਦੀ ਧੁੱਪ ਵਿੱਚ ਰੱਖ ਕੇ ਗਰਮ ਕਰੋ ।

(ਅ) ਪਕਾਉਣ ਵਾਲੇ ਭੋਜਨ ਵਿੱਚ ਥੋੜ੍ਹਾ ਜਿਹਾ ਪਾਣੀ ਪਾ ਕੇ ਕੁੱਕਰ ਵਿੱਚ ਰੱਖੋ ।

(ੲ) ਸਬਜ਼ੀਆਂ ਵਿੱਚ ਪਾਣੀ ਪਾਉਣ ਦੀ ਬਜਾਏ ਇਹਨਾਂ ਦੇ ਛੋਟੇ-ਛੋਟੇ ਟੁਕੜੇ ਕਰ ਕੇ ਕੁੱਕਰ ਵਿੱਚ ਪਾਓ ।

(ਸ) ਕੁੱਕਰ ਨੂੰ ਅੱਧ ਤੋਂ ਜ਼ਿਆਦਾ ਨਾ ਭਰੋ ਅਤੇ ਇਸ ਨੂੰ ਸੂਰਜ ਵੱਲ ਕਰਕੇ ਰੱਖੋ ।

(ਹ) ਕੁੱਕਰ ਨੂੰ ਵਾਰ-ਵਾਰ ਨਾ ਖੋਲ੍ਹੋ । ਇਸ ਤਰ੍ਹਾਂ ਕਰਨ ਨਾਲ਼ ਭੋਜਨ ਦੇਰੀ ਨਾਲ਼ ਪੱਕੇਗਾ ।

(ਕ) ਕੁੱਕਰ ਦਾ ਢੱਕਣ ਅਰਾਮ ਨਾਲ਼ ਖੋਲ੍ਹੋ ਤਾਂ ਕਿ ਭਾਫ਼ ਤੁਹਾਡੇ ਸਰੀਰ ਨੂੰ ਨਾ ਲੱਗ ਜਾਵੇ ।

## ਪਾਠ - 5

## ਖੁੰਬਾਂ ਦੀ ਕਾਸ਼ਤ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਪੰਜਾਬ ਵਿੱਚ ਖੁੰਬ ਦੀ ਕਿਹੜੀ ਕਿਸਮ ਸਭ ਤੋਂ ਵੱਧ ਉਗਾਈ ਜਾਂਦੀ ਹੈ ?

(ੳ) ਬਟਨ ਖੁੰਬ (ਅ) ਢੀਂਗਰੀ ਖੁੰਬ (ੲ) ਸ਼ਿਟਾਕੀ (ਸ) ਮਿਲਕੀ ਖੁੰਬ

**2.** ਖੁੰਬ ਦੀ ਕਿਸਮ ਕਿਹੜੀ ਹੈ ?

(ੳ) ਬਟਨ ਖੁੰਬ (ਅ) ਢੀਂਗਰੀ ਖੁੰਬ (ੲ) ਸ਼ਿਟਾਕੀ (ਸ) ਇਹ ਸਾਰੀਆਂ

**3.** ਇੱਕ ਵਰਗ ਮੀਟਰ ਥਾਂ ਵਿੱਚ ਖੁੰਬਾਂ ਉਗਾਉਣ ਲਈ ਕਿੰਨਾ ਬੀਜ ਚਾਹੀਦਾ ਹੈ ?

(ੳ) 30 ਗ੍ਰਾਮ (ਅ) 130 ਗ੍ਰਾਮ (ੲ) 180 ਗ੍ਰਾਮ (ਸ) 300 ਗ੍ਰਾਮ

**4.** ਖੁੰਬਾਂ ਦੀ ਮੱਖੀ ਤੋਂ ਬਚਾਅ ਲਈ ਦਵਾਈ ਛਿੜਕਣ ਤੋਂ ਕਿੰਨੇ ਘੰਟੇ ਤੱਕ ਖੁੰਬਾਂ ਨਹੀਂ ਤੋੜਨੀਆਂ ਚਾਹੀਦੀਆਂ ?

(ੳ) 10 ਘੰਟੇ (ਅ) 48 ਘੰਟੇ (ੲ) 16 ਘੰਟੇ (ਸ) 24 ਘੰਟੇ

**5.** ਇੱਕ ਵਰਗ ਮੀਟਰ ਕਿਆਰੀ ਵਿੱਚੋਂ ਖੁੰਬਾਂ ਦਾ ਕਿੰਨਾ ਝਾੜ ਨਿਕਲ ਆਉਂਦਾ ਹੈ ?

(ੳ) 8 - 12 ਕਿਲੋ (ਅ) 15 - 20 ਕਿਲੋ (ੲ) 25 - 30 ਕਿਲੋ (ਸ) 30 - 35 ਕਿਲੋ

**ਉੱਤਰ : 1. (ੳ) 2. (ਸ) 3. (ਸ) 4. (ਅ) 5. (ੳ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਖੁੰਬਾਂ ਦੇ ਬੀਜ ਨੂੰ ............... ਕਿਹਾ ਜਾਂਦਾ ਹੈ। (ਲਾਰਵਾ / ਸਪਾਨ)

**7.** ਖੁੰਬਾਂ ਵਿੱਚ .................. ਬਹੁਤ ਜ਼ਿਆਦਾ ਮਾਤਰਾ ਵਿੱਚ ਹੁੰਦੀ ਹੈ। (ਪ੍ਰੋਟੀਨ / ਚਰਬੀ)

**8.** ਗਰਮ ਰੁੱਤ ਵਿੱਚ ਪਰਾਲੀ ਖੁੰਬ ਦੀਆਂ .......................... ਫ਼ਸਲਾਂ ਲਈਆਂ ਜਾ ਸਕਦੀਆਂ ਹਨ। (ਦੋ / ਚਾਰ)

**9.** ਖੁੰਬਾਂ ਵਿੱਚ ਵਿਟਾਮਿਨ ................ ਪਾਇਆ ਜਾਂਦਾ ਹੈ। (ਸੀ / ਡੀ)

**10.** ਸਰਦੀ ਰੁੱਤ ਦੀਆਂ ਖੁੰਬਾਂ ਦੀ ਕਾਸ਼ਤ ਦੀ ਤਿਆਰੀ .......... ਦੇ ਅੱਧ ਵਿੱਚ ਸ਼ੁਰੂ ਕਰ ਦੇਣੀ ਚਾਹੀਦੀ ਹੈ। (ਮਾਰਚ / ਸਤੰਬਰ)

**ਉੱਤਰ : 6. ਸਪਾਨ 7. ਪ੍ਰੋਟੀਨ 8. ਚਾਰ 9. ਸੀ 10. ਸਤੰਬਰ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਖੁੰਬਾਂ ਵਿੱਚ ਕਾਰਬੋਹਾਈਡ੍ਰੇਟ ਅਤੇ ਚਿਕਨਾਹਟ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ।

**12.** ਸਰਦੀ ਰੁੱਤ ਵਿੱਚ ਬਟਨ ਖੁੰਬਾਂ ਦੀਆਂ ਦੋ ਫ਼ਸਲਾਂ ਲਈਆਂ ਜਾ ਸਕਦੀਆਂ ਹਨ।

**13.** ਖੁੰਬਾਂ ਨੂੰ ਖਿੱਚ ਕੇ ਤੋੜਨਾ ਚਾਹੀਦਾ ਹੈ।

**14.** ਖੁੰਬਾਂ ਨੂੰ ਧੁੱਪੇ ਅਤੇ ਛਾਵੇਂ ਕੁਦਰਤੀ ਢੰਗ ਨਾਲ਼ ਸੁਕਾ ਕੇ ਗ਼ੈਰ-ਮੌਸਮੀ ਸਮੇਂ ਵਿੱਕਰੀ ਲਈ ਸਟੋਰ ਵੀ ਕੀਤਾ ਜਾ ਸਕਦਾ ਹੈ।

**15.** ਖੁੰਬਾਂ ਦੀ ਮੱਖੀ ਤੋਂ ਬਚਾਅ ਲਈ ਦਵਾਈ ਛਿੜਕਣ ਤੋਂ ਤੁਰੰਤ ਬਾਅਦ ਖੁੰਬਾਂ ਤੋੜੀਆਂ ਜਾ ਸਕਦੀਆਂ ਹਨ।

**ਉੱਤਰ : 11. (✓) 12. (✓) 13. (×) 14. (✓) 15. (×)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਖੁੰਬਾਂ ਤੋਂ ਮਿਲਣ ਵਾਲੇ ਕੋਈ ਤਿੰਨ ਭੋਜਨ ਤੱਤਾਂ ਦੇ ਨਾਂ ਲਿਖੋ ।**

ਉੱਤਰ : ਖੁੰਬਾਂ ਤੋਂ ਪ੍ਰੋਟੀਨ, ਕੈਲਸ਼ੀਅਮ, ਫਾਸਫੋਰਸ, ਪੋਟਾਸ਼ ਅਤੇ ਵਿਟਾਮਿਨ ਸੀ ਆਦਿ ਖ਼ੁਰਾਕੀ ਤੱਤ ਮਿਲਦੇ ਹਨ ।

**17. ਪੰਜਾਬ ਵਿੱਚ ਉਗਾਈਆਂ ਜਾਣ ਵਾਲੀਆਂ ਖੁੰਬਾਂ ਦੀਆਂ ਕੋਈ ਤਿੰਨ ਕਿਸਮਾਂ ਦੇ ਨਾਂ ਲਿਖੋ ।**

ਉੱਤਰ : (ੳ) ਬਟਨ ਖੁੰਬ (ਅ) ਢੀਂਗਰੀ ਖੁੰਬ (ੲ) ਸ਼ਿਟਾਕੀ (ਸ) ਪਰਾਲੀ ਖੁੰਬ (ਸ) ਮਿਲਕੀ ਖੁੰਬ

**18. ਖੁੰਬਾਂ ਦੀ ਕਾਸ਼ਤ ਲਈ ਤਿਆਰ ਕੀਤੀ ਗਈ ਵਧੀਆ ਖਾਦ ਦੇ ਕੋਈ ਦੋ ਗੁਣ ਲਿਖੋ ।**

ਉੱਤਰ : (ੳ) ਇਸ ਦਾ ਰੰਗ ਕਾਲਾ ਭੂਰਾ ਹੋ ਜਾਂਦਾ ਹੈ । (ਅ) ਇਸ ਵਿੱਚੋਂ ਅਮੋਨੀਆ ਦੀ ਬੂ ਖ਼ਤਮ ਹੋ ਜਾਂਦੀ ਹੈ ।

**19. ਖੁੰਬਾਂ ਤੋੜਨ ਸਮੇਂ ਧਿਆਨ ਰੱਖਣ ਯੋਗ ਕੋਈ ਦੋ ਗੱਲਾਂ ਲਿਖੋ ।**

ਉੱਤਰ : (ੳ) ਖੁੰਬ ਦੀ ਟੋਪੀ ਨੂੰ ਉਂਗਲਾਂ ਵਿਚਕਾਰ ਲੈ ਕੇ ਹੌਲੀ ਜਿਹੀ ਮਰੋੜ ਕੇ ਤੋੜੋ ।

(ਅ) ਖੁੰਬਾਂ ਨੂੰ ਖਿੱਚ ਕੇ ਜਾਂ ਕੱਟ ਕੇ ਨਾ ਤੋੜੋ ।

**20. ਖੁੰਬਾਂ ਦੀ ਕਾਸ਼ਤ ਲਈ ਤਿਆਰ ਖਾਦ ਵਿੱਚ ਨਮੀ ਅਤੇ pH ਕਿੰਨਾ ਹੋਣਾ ਚਾਹੀਦਾ ਹੈ ?**

ਉੱਤਰ : ਖੁੰਬਾਂ ਦੀ ਕਾਸ਼ਤ ਲਈ ਤਿਆਰ ਖਾਦ ਵਿੱਚ ਨਮੀ 65-72% ਅਤੇ pH 7.0 ਤੋਂ 8.0 ਹੋਣਾ ਚਾਹੀਦਾ ਹੈ ।

**21. ਖੁੰਬਾਂ ਉਗਾਉਣ ਲਈ ਤਿਆਰ ਖਾਦ ਦੀ ਢੇਰੀ ਨੂੰ ਫਰੋਲਨ ਦੇ ਕੋਈ ਦੋ ਲਾਭ ਲਿਖੋ ।**

ਉੱਤਰ : (ੳ) ਇਸ ਨਾਲ਼ ਬਾਹਰ ਵਾਲੀ ਤੂੜੀ ਅੰਦਰ ਅਤੇ ਅੰਦਰ ਵਾਲੀ ਤੂੜੀ ਬਾਹਰ ਆ ਜਾਂਦੀ ਹੈ ।

(ਅ) ਕੰਪੋਸਟ ਬਣਾਉਣ ਵਾਲੇ ਜੀਵਾਣੂਆਂ ਨੂੰ ਤਾਜ਼ੀ ਹਵਾ ਮਿਲਣ ਕਾਰਨ ਵਧੀਆ ਖਾਦ ਬਣਦੀ ਹੈ ।

**22. ਬਟਨ ਖੁੰਬ ਉਗਾਉਣ ਲਈ ਖਾਦ ਦੇ ਢੇਰ ਦੀ ਲੰਬਾਈ, ਚੌੜਾਈ ਅਤੇ ਉਚਾਈ ਕਿੰਨੀ ਰੱਖੀ ਜਾਂਦੀ ਹੈ ?**

ਉੱਤਰ : ਬਟਨ ਖੁੰਬ ਪੈਦਾ ਕਰਨ ਲਈ ਖਾਦ ਦੇ ਢੇਰ ਦੀ ਲੰਬਾਈ 5 ਫੁੱਟ, ਚੌੜਾਈ 5 ਫੁੱਟ ਅਤੇ ਉਚਾਈ 5 ਫੁੱਟ ਰੱਖੀ ਜਾਂਦੀ ਹੈ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਪੰਜਾਬ ਵਿੱਚ ਉਗਾਉਣ ਲਈ ਸਿਫਾਰਸ਼ ਕੀਤੀਆਂ ਗਈਆਂ ਕਿਸੇ ਚਾਰ ਖੁੰਬਾਂ ਦੇ ਨਾਂ ਲਿਖੋ । ਇਹਨਾਂ ਦੇ ਤਕਨੀਕੀ ਨਾਂ ਵੀ ਲਿਖੋ ।**

ਉੱਤਰ :

| | | | |
|---|---|---|---|
| (ੳ) | ਬਟਨ ਖੁੰਬ | : | Button Mushroom |
| (ਅ) | ਢੀਂਗਰੀ ਖੁੰਬ | : | Oyster Mushroom |
| (ੲ) | ਸ਼ਿਟਾਕੀ | : | Shiitake |
| (ਸ) | ਪਰਾਲੀ ਖੁੰਬ | : | Chinese Mushroom |
| (ਹ) | ਮਿਲਕੀ ਖੁੰਬ | : | Milky Mushroom |

**24. ਭੋਜਨ ਦੇ ਰੂਪ ਵਿੱਚ ਖੁੰਬਾਂ ਦੇ ਕੋਈ ਚਾਰ ਲਾਭ ਲਿਖੋ ।**

ਉੱਤਰ :

(ੳ) ਖੁੰਬਾਂ ਵਿੱਚ ਖ਼ੁਰਾਕੀ ਤੱਤ ਵੱਧ ਹੋਣ ਕਾਰਨ ਇਹ ਸਰੀਰ ਨੂੰ ਤੰਦਰੁਸਤ ਰੱਖਣ ਵਿੱਚ ਮਦਦ ਕਰਦੀਆਂ ਹਨ ।

(ਅ) ਖੁੰਬਾਂ ਵਿੱਚ ਪ੍ਰੋਟੀਨ ਜ਼ਿਆਦਾ ਮਾਤਰਾ ਵਿੱਚ ਹੁੰਦੀ ਹੈ, ਜਿਹੜੀ ਬਹੁਤ ਅਸਾਨੀ ਨਾਲ਼ ਹਜ਼ਮ ਹੋ ਜਾਂਦੀ ਹੈ ।

(ੲ) ਖੁੰਬਾਂ ਵਿੱਚ ਕੈਲਸ਼ੀਅਮ, ਫਾਸਫੋਰਸ, ਲੋਹਾ, ਪੋਟਾਸ਼, ਖਣਿਜ ਪਦਾਰਥ ਅਤੇ ਵਿਟਾਮਿਨ ਸੀ ਵੱਧ ਹੁੰਦੇ ਹਨ ।

(ਸ) ਖੁੰਬਾਂ ਵਿੱਚ ਕਾਰਬੋਹਾਈਡ੍ਰੇਟ ਅਤੇ ਚਰਬੀ ਬਹੁਤ ਘੱਟ ਹੁੰਦੀ ਹੈ ਇਸ ਲਈ ਇਹ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੇ ਰੋਗੀਆਂ ਲਈ ਬਹੁਤ ਲਾਹੇਵੰਦ ਹਨ ।

## ਪਾਠ - 6

## ਮਧੂ ਮੱਖੀ ਪਾਲਣ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਸ਼ਹਿਦ ਮੱਖੀ ਦੀਆਂ ਲੱਤਾਂ ਕਿੰਨੀਆਂ ਹੁੰਦੀਆਂ ਹਨ ?

(ੳ) 1 (ਅ) 2 (ੲ) 4 (ਸ) 6

**2.** ਸ਼ਹਿਦ ਮੱਖੀ ਦੀ ਸਭ ਤੋਂ ਗੁਸੈਲੀ ਕਿਸਮ ਕਿਹੜੀ ਹੈ ?

(ੳ) ਡੂਮਣਾ ਮੱਖੀ (ਅ) ਇਟਾਲੀਅਨ ਮੱਖੀ (ੲ) ਲੱਡੂ ਮੱਖੀ (ਸ) ਹਿੰਦੁਸਤਾਨੀ ਮੱਖੀ

**3.** ਸ਼ਹਿਦ ਮੱਖੀਆਂ ਪੱਕੇ ਹੋਏ ਸ਼ਹਿਦ ਨੂੰ ਕਿਸ ਚੀਜ਼ ਨਾਲ਼ ਸੀਲ ਕਰਦੀਆਂ ਹਨ ?

(ੳ) ਪਾਣੀ ਨਾਲ਼ (ਅ) ਤੇਲ ਨਾਲ਼ (ੲ) ਮੋਮ ਨਾਲ਼ (ਸ) ਇਹ ਸਾਰੇ

**4.** ਪੰਜਾਬ ਵਿੱਚ ਕਿਹੜੀ ਮਧੂ ਮੱਖੀ ਪਾਲੀ ਜਾਂਦੀ ਹੈ ?

(ੳ) ਡੂਮਣਾ ਮੱਖੀ (ਅ) ਇਟਾਲੀਅਨ ਮੱਖੀ (ੲ) ਲੱਡੂ ਮੱਖੀ (ਸ) ਹਿੰਦੁਸਤਾਨੀ ਮੱਖੀ

**5.** ਸ਼ਹਿਦ ਮੱਖੀ ਦੇ ਜੀਵਨ ਚੱਕਰ ਦੀਆਂ ਕਿੰਨੀਆਂ ਅਵਸਥਾਵਾਂ ਹੁੰਦੀਆਂ ਹਨ ?

(ੳ) ਇੱਕ (ਅ) ਦੋ (ੲ) ਤਿੰਨ (ਸ) ਚਾਰ

**ਉੱਤਰ : 1. (ਸ) 2. (ੳ) 3. (ੲ) 4. (ਅ) 5. (ਸ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਪੰਜਾਬ ਵਿੱਚ .................. ਮਧੂ ਮੱਖੀ ਪਾਲੀ ਜਾਂਦੀ ਹੈ। (ਡੂੰਮਣਾ / ਇਟਾਲਿਅਨ)

**7.** ਪੰਜਾਬ ਵਿੱਚ ...................... ਮਹੀਨਾ ਸ਼ਹਿਦ ਮੱਖੀਆਂ ਪਾਲਣ ਦਾ ਸਹੀ ਸਮਾਂ ਹੈ। (ਫ਼ਰਵਰੀ / ਜੂਨ)

**8.** ਕੱਚਾ ਸ਼ਹਿਦ ਬਹੁਤ ਜਲਦੀ ...................... ਹੋ ਜਾਂਦਾ ਹੈ। (ਖੱਟਾ / ਮਿੱਠਾ)

**9.** ਰਾਸ਼ਟਰੀ ਬਾਗ਼ਬਾਨੀ ਮਿਸ਼ਨ ਅਧੀਨ .................... ਪਾਲਣ ਲਈ ਸਬਸਿਡੀ ਦਿੱਤੀ ਜਾਂਦੀ ਹੈ।(ਪਸ਼ੂ / ਮਧੂ ਮੱਖੀ)

**10.** ਕਾਮਾ ਮੱਖੀਆਂ .................... ਹੁੰਦੀਆਂ ਹਨ। (ਨਰ / ਮਾਦਾ)

**ਉੱਤਰ : 6. ਇਟਾਲਿਅਨ 7. ਫ਼ਰਵਰੀ 8. ਖੱਟਾ 9. ਮਧੂ ਮੱਖੀ 10. ਮਾਦਾ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਸ਼ਹਿਦ ਦੀ ਮੱਖੀ ਦੇ ਤਿੰਨ ਜੋੜੀਆਂ ਲੱਤਾਂ ਹੁੰਦੀਆਂ ਹਨ।

**12.** ਸ਼ਹਿਦ ਮੱਖੀਆਂ ਦੇ ਹਰ ਕਟੁੰਬ ਵਿੱਚ ਇੱਕ ਰਾਣੀ ਮੱਖੀ ਹੁੰਦੀ ਹੈ।

**13.** ਕਾਮਾ ਮੱਖੀਆਂ ਦੀ ਔਸਤਨ ਉਮਰ 2 ਤੋਂ 5 ਸਾਲ ਹੁੰਦੀ ਹੈ।

**14.** ਰਾਣੀ ਮੱਖੀ ਦਾ ਜੀਵਨ ਚੱਕਰ 16 ਦਿਨਾਂ ਵਿੱਚ ਪੂਰਾ ਹੁੰਦਾ ਹੈ।

**15.** ਸ਼ਹਿਦ ਮੱਖੀ ਦੇ ਕਟੁੰਬ ਵਿੱਚ ਚਾਰ ਜਾਤਾਂ ਹੁੰਦੀਆਂ ਹਨ।

**ਉੱਤਰ : 11. (✓) 12. (✓) 13. (×) 14. (✓) 15. (×)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਸ਼ਹਿਦ ਦੀ ਮੱਖੀ ਦੇ ਸਰੀਰ ਦੇ ਤਿੰਨ ਮੁੱਖ ਭਾਗ ਕਿਹੜੇ-ਕਿਹੜੇ ਹਨ ?**

ਉੱਤਰ : ਸ਼ਹਿਦ ਮੱਖੀ ਦੇ ਸਰੀਰ ਦੇ ਤਿੰਨ ਮੁੱਖ ਭਾਗ ਸਿਰ, ਛਾਤੀ ਅਤੇ ਪੇਟ ਹੁੰਦੇ ਹਨ ।

**17. ਸ਼ਹਿਦ ਮੱਖੀ ਦੇ ਕਟੁੰਬ ਦੀਆਂ ਤਿੰਨ ਜਾਤਾਂ ਦੇ ਨਾਂ ਲਿਖੋ ।**

ਉੱਤਰ : ਸ਼ਹਿਦ ਮੱਖੀ ਦੇ ਕਟੁੰਬ ਵਿੱਚ ਇੱਕ ਰਾਣੀ ਮੱਖੀ, ਹਜ਼ਾਰਾਂ ਕਾਮਾ ਮੱਖੀਆਂ ਅਤੇ ਕੁੱਝ ਨਰ ਮੱਖੀਆਂ (ਡਰੋਨ) ਹੁੰਦੀਆਂ ਹਨ ।

**18. ਨਵੀਂ ਗਰਭਤ ਰਾਣੀ ਮੱਖੀ ਦੀਆਂ ਕੋਈ ਤਿੰਨ ਨਿਸ਼ਾਨੀਆਂ ਲਿਖੋ ।**

ਉੱਤਰ : (ੳ) ਇਸ ਦਾ ਸਰੀਰ ਗਠੀਲਾ ਹੁੰਦਾ ਹੈ । (ਅ) ਇਹ ਸੁਨਹਿਰੇ ਭੂਰੇ ਰੰਗ ਦੀ ਹੁੰਦੀ ਹੈ ।

(ੲ) ਇਹ ਚਮਕੀਲੇ ਰੰਗ ਦੀ ਹੁੰਦੀ ਹੈ । (ਸ) ਇਸ ਦਾ ਪੇਟ ਲੰਬਾ ਹੁੰਦਾ ਹੈ ।

**19. ਸ਼ਹਿਦ ਮੱਖੀਆਂ ਦੇ ਕਟੁੰਬਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਤਿੰਨ ਕੀੜਿਆਂ ਦੇ ਨਾਂ ਲਿਖੋ ।**

ਉੱਤਰ : ਕਾਲੇ ਕੀੜੇ, ਭਰਿੰਡਾਂ ਅਤੇ ਮੋਮੀ ਕੀੜੇ ਕਟੁੰਬਾਂ ਉੱਪਰ ਹਮਲਾ ਕਰਕੇ ਬਹੁਤ ਨੁਕਸਾਨ ਪਹੁੰਚਾਉਂਦੇ ਹਨ ।

**20. ਮਧੂ ਮੱਖੀ ਪਾਲਣ ਤੋਂ ਸ਼ਹਿਦ ਤੋਂ ਇਲਾਵਾ ਮਿਲਣ ਵਾਲੀਆਂ ਤਿੰਨ ਹੋਰ ਵਸਤੂਆਂ ਦੇ ਨਾਂ ਲਿਖੋ ।**

ਉੱਤਰ : ਸ਼ਹਿਦ ਮੱਖੀਆਂ ਤੋਂ ਮੋਮ, ਪ੍ਰੋਪਲਿਸ, ਪੋਲਨ, ਸ਼ਹਿਦ ਮੱਖੀ ਜ਼ਹਿਰ ਅਤੇ ਰਾਇਲ ਜੈਲੀ ਪ੍ਰਾਪਤ ਕੀਤੀ ਜਾ ਸਕਦੀ ਹੈ ।

**21. ਸ਼ਹਿਦ ਮੱਖੀ ਪਾਲਣ ਲਈ ਕਿਹੜਾ ਸਮਾਨ ਜ਼ਰੂਰੀ ਹੈ ?**

ਉੱਤਰ : ਮਧੂ ਮੱਖੀ ਪਾਲਣ ਲਈ ਸ਼ਹਿਦ ਮੱਖੀਆਂ ਤੋਂ ਇਲਾਵਾ ਸ਼ਹਿਦ ਮੱਖੀਆਂ ਦਾ ਬਕਸਾ, ਫਰੇਮ ਹਿਲਾਉਣ ਵਾਲੀ ਪੱਤੀ, ਜਾਲੀ, ਧੂੰਆਂ ਦੇਣ ਲਈ ਸਮੋਕਰ ਅਤੇ ਮੋਮ ਦੀਆਂ ਬੁਨਿਆਦੀ ਸ਼ੀਟਾਂ ਆਦਿ ਦੀ ਲੋੜ ਹੁੰਦੀ ਹੈ ।

**22. ਸ਼ਹਿਦ ਮੱਖੀਆਂ ਦੇ ਜੀਵਨ ਚੱਕਰ ਦੀਆ ਚਾਰ ਮੁੱਖ ਅਵਸਥਾਵਾਂ ਦੇ ਨਾਂ ਲਿਖੋ ।**

ਉੱਤਰ : ਸ਼ਹਿਦ ਮੱਖੀਆਂ ਦੇ ਜੀਵਨ ਚੱਕਰ ਦੀਆਂ ਚਾਰ ਮੁੱਖ ਅਵਸਥਾਵਾਂ - ਅੰਡਾ, ਸੁੰਡੀ, ਪਿਊਪਾ ਅਤੇ ਮੱਖੀ ਹਨ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਕਾਮਾ ਮੱਖੀਆਂ ਦੁਆਰਾ ਕੀਤੇ ਜਾਣ ਵਾਲੇ ਕੋਈ ਚਾਰ ਕੰਮ ਲਿਖੋ ।**

ਉੱਤਰ : (ੳ) ਇਹ ਛੱਤੇ ਦੀ ਸਫ਼ਾਈ ਕਰਦੀਆਂ ਹਨ । (ਅ) ਇਹ ਬਰੂਡ ਦੀ ਦੇਖਭਾਲ ਕਰਦੀਆਂ ਹਨ ।

(ੲ) ਇਹ ਨਵੇਂ ਛੱਤੇ ਤਿਆਰ ਕਰਦੀਆਂ ਹਨ । (ਸ) ਇਹ ਕਟੁੰਬ ਦਾ ਤਾਪਮਾਨ ਠੀਕ ਰੱਖਦੀਆਂ ਹਨ ।

(ਹ) ਇਹ ਛੱਤੇ ਦੀ ਰਾਖੀ ਕਰਦੀਆਂ ਹਨ ।

(ਕ) ਇਹ ਨੈਕਟਰ ਨੂੰ ਸ਼ਹਿਦ ਵਿੱਚ ਬਦਲਣ ਲਈ ਵਾਧੂ ਪਾਣੀ ਉਡਾਉਂਦੀਆਂ ਹਨ ।

**24. ਸ਼ਹਿਦ ਮੱਖੀਆਂ ਦੀ ਖਰੀਦ ਕਰਦੇ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ ।**

ਉੱਤਰ : (ੳ) ਵੱਧ ਲਾਭ ਲੈਣ ਲਈ ਅੱਠ ਫਰੇਮ ਮੱਖੀ ਨਾਲ਼ ਨਵਾਂ ਕਟੁੰਬ ਸ਼ੁਰੂ ਕਰੋ ।

(ਅ) ਕਟੁੰਬਾਂ ਵਿੱਚ ਨਵੀਂ ਗਰਭਤ ਰਾਣੀ ਮੱਖੀ, ਬੰਦ ਅਤੇ ਖੁੱਲ੍ਹਾ ਬਰੂਡ, ਸ਼ਹਿਦ ਅਤੇ ਪਰਾਗ ਹੋਣੇ ਚਾਹੀਦੇ ਹਨ ।

(ੲ) ਕਟੁੰਬਾਂ ਵਿੱਚ ਡਰੋਨ ਮੱਖੀਆਂ ਅਤੇ ਡਰੋਨ ਬਰੂਡ ਘੱਟ ਤੋਂ ਘੱਟ ਹੋਣੇ ਚਾਹੀਦੇ ਹਨ ।

(ਸ) ਸ਼ਹਿਦ ਮੱਖੀਆਂ ਦੀ ਖ਼ਰੀਦ ਦਾ ਕੰਮ ਫ਼ਰਵਰੀ-ਮਾਰਚ ਅਤੇ ਨਵੰਬਰ ਮਹੀਨੇ ਵਿੱਚ ਸ਼ੁਰੂ ਕਰਨਾ ਚਾਹੀਦਾ ਹੈ ।

**ਪਾਠ - 7**

## ਬਹੁ-ਭਾਂਤੀ ਖੇਤੀ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਪੰਜਾਬ ਵਿੱਚ ਕਿੰਨੇ ਪ੍ਰਤੀਸ਼ਤ ਰਕਬਾ ਸਿੰਚਾਈ ਅਧੀਨ ਹੈ ?

(ੳ) 38% (ਅ) 48% (ੲ) 50% (ਸ) 98%

**2.** ਭਾਰਤ ਨੂੰ ਕਿਹੜੀਆਂ ਫ਼ਸਲਾਂ ਬਾਹਰਲੇ ਦੇਸ਼ਾਂ ਤੋਂ ਮੰਗਵਾਉਣੀਆਂ ਪੈਂਦੀਆਂ ਹਨ ?

(ੳ) ਅਨਾਜ ਵਾਲੀਆਂ (ਅ) ਰੇਸ਼ੇ ਵਾਲੀਆਂ (ੲ) ਤੇਲ-ਬੀਜ ਵਾਲੀਆਂ (ਸ) ਚਾਰੇ ਵਾਲੀਆਂ

**3.** ਪੰਜਾਬ ਵਿੱਚ ਟਿਊਬਵੈੱਲਾਂ ਦੀ ਗਿਣਤੀ ਲਗਭਗ ਕਿੰਨੀ ਹੈ ?

(ੳ) 8 ਲੱਖ (ਅ) 10 ਲੱਖ (ੲ) 6 ਲੱਖ (ਸ) 14 ਲੱਖ

**4.** ਜੰਤਰ-ਬਾਸਮਤੀ-ਕਣਕ ਫ਼ਸਲੀ ਚੱਕਰ ਵਿੱਚ ਕਿਸ ਖਾਦ ਦੀ ਬੱਚਤ ਹੁੰਦੀ ਹੈ ?

(ੳ) ਯੂਰੀਆ (ਅ) ਜ਼ਿੰਕ ਸਲਫ਼ੇਟ (ੲ) ਮੈਂਗਨੀਜ਼ ਸਲਫ਼ੇਟ (ਸ) ਸੁਪਰ ਫਾਸਫੇਟ

**5.** ਝੋਨਾ ਬੀਜਣ ਨਾਲ਼ ਕੇਂਦਰੀ ਪੰਜਾਬ ਵਿੱਚ ਪਾਣੀ ਦਾ ਕਿੰਨਾ ਪੱਧਰ ਹਰ ਸਾਲ ਡੂੰਘਾ ਹੋ ਰਿਹਾ ਹੈ ?

(ੳ) 74 ਸੈਂਟੀਮੀਟਰ (ਅ) 24 ਸੈਂਟੀਮੀਟਰ (ੲ) 50 ਸੈਂਟੀਮੀਟਰ (ਸ) 54 ਸੈਂਟੀਮੀਟਰ

**ਉੱਤਰ : 1. (ਸ) 2. (ੲ) 3. (ਸ) 4. (ੳ) 5. (ੳ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਰਾਈਜ਼ੋਬੀਅਮ ਬੈਕਟੀਰੀਆ ਹਵਾ ਵਿਚਲੀ ............. ਨੂੰ ਪੌਦੇ ਦੀਆਂ ਜੜ੍ਹਾਂ ਵਿੱਚ ਜਮ੍ਹਾਂ ਕਰਨ ਦਾ ਕੰਮ ਕਰਦਾ ਹੈ। (ਨਾਈਟਰੋਜਨ / ਫਾਸਫੋਰਸ)

**7.** ਕੇਂਦਰੀ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ....................... ਹੈ। (ਖਾਰਾ / ਮਿੱਠਾ)

**8.** ਬਹੁ-ਫ਼ਸਲੀ ਪ੍ਰਣਾਲੀ ਵਿੱਚ ਕਿਸਾਨ ਆਪਣੇ ਖੇਤ ਵਿੱਚ ਦੋ ਤੋਂ ..................... ਫ਼ਸਲਾਂ ਉਗਾਉਂਦਾ ਹੈ। (ਵੱਧ / ਘੱਟ)

**9.** ਇੱਕ ਮੱਝ ਜਾਂ ਗਾਂ ਨੂੰ ਰੋਜ਼ਾਨਾ ...................... ਕਿਲੋ ਹਰੇ ਚਾਰੇ ਦੀ ਲੋੜ ਹੁੰਦੀ ਹੈ। (10 / 40)

**10.** ਮੱਕੀ - ਬਰਸੀਮ - ਰਵਾਂਹ ................... ਵਾਲੀਆਂ ਫ਼ਸਲਾਂ 'ਤੇ ਅਧਾਰਿਤ ਫ਼ਸਲੀ ਚੱਕਰ ਹੈ। (ਹਰੇ ਚਾਰੇ / ਅਨਾਜ)

**ਉੱਤਰ : 6. ਨਾਈਟਰੋਜਨ 7. ਮਿੱਠਾ 8. ਵੱਧ 9. 40 10. ਹਰੇ ਚਾਰੇ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਭਾਰਤ ਤੇਲ-ਬੀਜ ਫ਼ਸਲਾਂ ਨੂੰ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ।

**12.** ਰਾਈਜ਼ੋਬੀਅਮ ਬੈਕਟੀਰੀਆ ਦਾਲਾਂ ਵਾਲੀਆਂ ਫ਼ਸਲਾਂ ਦੀਆਂ ਜੜ੍ਹਾਂ ਵਿੱਚ ਹਵਾ ਵਿਚਲੀ ਨਾਈਟਰੋਜਨ ਜਮ੍ਹਾਂ ਕਰਦਾ ਹੈ।

**13.** ਸੋਇਆਬੀਨ ਵਿੱਚ 15-20 ਪ੍ਰਤੀਸ਼ਤ ਪ੍ਰੋਟੀਨ ਤੱਤ ਹੁੰਦਾ ਹੈ।

**14.** ਕੇਂਦਰੀ ਪੰਜਾਬ ਵਿੱਚ ਕਣਕ - ਨਰਮਾ ਪ੍ਰਮੁੱਖ ਫ਼ਸਲੀ ਚੱਕਰ ਹੈ।

**15.** ਕੰਢੀ ਖੇਤਰ ਵੀ ਨੀਮ ਪਹਾੜੀ ਇਲਾਕੇ ਵਿੱਚ ਆਉਂਦਾ ਹੈ।

**ਉੱਤਰ : 11. (✓) 12. (✓) 13. (×) 14. (×) 15. (✓)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਜਲਵਾਯੂ ਦੇ ਅਧਾਰ ਤੇ ਪੰਜਾਬ ਨੂੰ ਕਿਹੜੇ-ਕਿਹੜੇ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ ?**

ਉੱਤਰ : (ੳ) ਨੀਮ ਪਹਾੜੀ ਇਲਾਕਾ (ਅ) ਕੇਂਦਰੀ ਭਾਗ (ੲ) ਦੱਖਣ-ਪੱਛਮੀ ਇਲਾਕਾ

**17. ਮੱਕੀ ਅਧਾਰਿਤ ਕੋਈ ਤਿੰਨ ਫ਼ਸਲੀ ਚੱਕਰ ਲਿਖੋ ।**

ਉੱਤਰ : (ੳ) ਮੱਕੀ-ਆਲੂ-ਮੂੰਗੀ (ਅ) ਮੱਕੀ-ਤੋਰੀਆ-ਸੂਰਜਮੁਖੀ (ੲ) ਮੱਕੀ-ਆਲੂ-ਪਿਆਜ਼

**18. ਰਲਵੀਂਆਂ ਫ਼ਸਲਾਂ ਦੀ ਖੇਤੀ ਦੀਆਂ ਕੋਈ ਤਿੰਨ ਉਦਾਹਰਨਾਂ ਲਿਖੋ ।**

ਉੱਤਰ : (ੳ) ਮੱਕੀ + ਮੂੰਗੀ (ਅ) ਅਰਹਰ + ਮੂੰਗੀ (ੲ) ਨਰਮਾ + ਮੱਕੀ (ਸ) ਮੱਕੀ + ਸੋਇਆਬੀਨ

**19. ਸਬਜ਼ੀ ਅਧਾਰਿਤ ਕੋਈ ਤਿੰਨ ਫ਼ਸਲੀ ਚੱਕਰ ਲਿਖੋ ।**

ਉੱਤਰ : (ੳ) ਆਲੂ-ਪਿਛੇਤੀ ਫੁੱਲ ਗੋਭੀ-ਮਿਰਚ (ਅ) ਆਲੂ-ਖ਼ਰਬੂਜਾ (ੲ) ਫੁੱਲ ਗੋਭੀ-ਟਮਾਟਰ-ਭਿੰਡੀ

**20. ਕਿਸਾਨਾਂ ਨੂੰ ਸੰਯੁਕਤ ਫ਼ਸਲ ਪ੍ਰਣਾਲੀ ਅਪਣਾਉਣ ਦੇ ਕੋਈ ਦੋ ਲਾਭ ਲਿਖੋ ।**

ਉੱਤਰ : (ੳ) ਪੌਸ਼ਟਿਕ ਖ਼ੁਰਾਕ ਮਿਲਦੀ ਹੈ । (ਅ) ਆਮਦਨ ਵਿੱਚ ਵਾਧਾ ਹੁੰਦਾ ਹੈ ।

**21. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਬੀਜਾਂ ਨਾਲ਼ ਕਿਸਾਨਾਂ ਨੂੰ ਹੋਣ ਵਾਲੇ ਕੋਈ ਦੋ ਲਾਭ ਲਿਖੋ ।**

ਉੱਤਰ : (ੳ) ਇਹ ਬੀਜ ਦੂਜੀਆਂ ਕੰਪਨੀਆਂ ਦੇ ਬੀਜਾਂ ਨਾਲੋਂ ਸਸਤੇ ਹੁੰਦੇ ਹਨ ।

(ਅ) ਇਹ ਬੀਜ ਬਿਮਾਰੀ ਰਹਿਤ ਹੁੰਦੇ ਹਨ ।

**22. ਸੋਇਆਬੀਨ ਤੋਂ ਬਣਨ ਵਾਲੀਆਂ ਕੋਈ ਤਿੰਨ ਵਸਤੂਆਂ ਦੇ ਨਾਂ ਲਿਖੋ ।**

ਉੱਤਰ : ਸੋਇਆਬੀਨ ਤੋਂ ਦੁੱਧ, ਪਨੀਰ, ਬਿਸਕੁਟ, ਨਿਊਟਰੀ, ਪਕੌੜੇ ਆਦਿ ਬਣਦੇ ਹਨ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਬਹੁ-ਫ਼ਸਲੀ ਪ੍ਰਣਾਲੀ ਦੇ ਕੋਈ ਚਾਰ ਲਾਭ ਲਿਖੋ ।**

ਉੱਤਰ :
(ੳ) ਇਸ ਨਾਲ਼ ਘੱਟ ਜ਼ਮੀਨ ਵਿੱਚ ਵੱਧ ਪੈਦਾਵਾਰ ਲਈ ਜਾ ਸਕਦੀ ਹੈ ।
(ਅ) ਇਸ ਨਾਲ ਸੰਤੁਲਿਤ ਖ਼ੁਰਾਕ ਦੀ ਮੰਗ ਪੂਰੀ ਹੁੰਦੀ ਹੈ ।
(ੲ) ਇਸ ਨਾਲ ਕੁਦਰਤੀ ਸਰੋਤਾਂ ਦੀ ਸੰਭਾਲ ਹੁੰਦੀ ਹੈ ।
(ਸ) ਇਸ ਨਾਲ਼ ਰਸਾਇਣਿਕ ਖਾਦਾਂ ਦੀ ਲੋੜ ਘੱਟਦੀ ਹੈ ।
(ਹ) ਇਸ ਨਾਲ਼ ਵਧੇਰੇ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ।
(ਕ) ਇਸ ਨਾਲ਼ ਵਾਤਾਵਰਣ ਸੁਰੱਖਿਅਤ ਰਹਿੰਦਾ ਹੈ ।

**24. ਸੰਯੁਕਤ ਫ਼ਸਲ ਪ੍ਰਣਾਲੀ ਵਿੱਚ ਅਪਣਾਏ ਜਾਣ ਵਾਲੇ ਕੋਈ ਚਾਰ ਸਹਾਇਕ ਧੰਦਿਆਂ ਦੇ ਨਾਂ ਲਿਖੋ ।**

ਉੱਤਰ :
(ੳ) ਡੇਅਰੀ ਫਾਰਮਿੰਗ (ਅ) ਮੱਛੀ ਪਾਲਣਾ (ੲ) ਖੁੰਬਾਂ ਉਗਾਉਣੀਆਂ
(ਸ) ਫਲ ਉਗਾਉਣਾ (ਹ) ਸਬਜ਼ੀਆਂ ਉਗਾਉਣਾ (ਕ) ਖ਼ਰਗੋਸ਼ ਪਾਲਣਾ
(ਖ) ਸੂਰ ਪਾਲਣਾ ; (ਗ) ਬੱਕਰੀ ਪਾਲਣਾ (ਘ) ਮਧੂ ਮੱਖੀ ਪਾਲਣਾ

## ਪਾਠ - 8

## ਜੈਵਿਕ ਖੇਤੀ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਜੈਵਿਕ ਖੇਤੀ ਵਿੱਚ ਕਿਸ ਤਰ੍ਹਾਂ ਦੀਆਂ ਫ਼ਸਲਾਂ ਨੂੰ ਅੰਤਰ ਫ਼ਸਲਾਂ ਵਜੋਂ ਬੀਜਿਆ ਜਾਂਦਾ ਹੈ?

(ੳ) ਫ਼ਲੀਦਾਰ (ਅ) ਤੇਲ-ਬੀਜ (ੲ) ਅਨਾਜ (ਸ) ਰੇਸ਼ੇਦਾਰ

**2.** ਨੈਸ਼ਨਲ ਸੈਂਟਰ ਫ਼ਾਰ ਆਰਗੈਨਿਕ ਫਾਰਮਿੰਗ ਕਿੱਥੇ ਹੈ ?

(ੳ) ਗਾਜ਼ੀਆਬਾਦ (ਅ) ਚੰਡੀਗੜ੍ਹ (ੲ) ਲੁਧਿਆਣਾ (ਸ) ਬਠਿੰਡਾ

**3.** ਪੁਰਾਣੀ ਕਹਾਵਤ ਅਨੁਸਾਰ ਖੇਤ ਵਿੱਚ ਕਿਹੜੀ ਚੀਜ਼ ਦੀ ਵਰਤੋਂ ਨੂੰ ਨਹੀਂ ਭੁੱਲਣਾ ਚਾਹੀਦਾ ?

(ੳ) ਯੂਰੀਆ (ਅ) ਜ਼ਿੰਕ ਸਲਫ਼ੇਟ (ੲ) ਮੈਂਗਨੀਜ਼ ਸਲਫ਼ੇਟ (ਸ) ਰੂੜੀ

**4.** ਭਾਰਤ ਵੱਲੋਂ ਜੈਵਿਕ ਮਿਆਰ ਕਿਸ ਸਾਲ ਬਣਾਏ ਗਏ ਸਨ ?

(ੳ) 2001 (ਅ) 2002 (ੲ) 2004 (ਸ) 2016

**5.** ਜੈਵਿਕ ਖੇਤੀ ਵਿੱਚ ਕਿਹੜੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ ?

(ੳ) ਰੂੜੀ ਦੀ ਖਾਦ (ਅ) ਗੰਡੋਆ ਖਾਦ (ੲ) ਕੰਪੋਸਟ ਖਾਦ (ਸ) ਇਹ ਸਾਰੀਆਂ

**ਉੱਤਰ : 1. (ੳ) 2. (ੳ) 3. (ਸ) 4. (ੲ) 5. (ਸ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** .................. ਕ੍ਰਾਂਤੀ ਨੇ ਕਣਕ-ਝੋਨੇ ਦੀ ਖੇਤੀ ਨੂੰ ਹੀ ਪ੍ਰਫੁੱਲਤ ਕੀਤਾ । (ਹਰੀ / ਚਿੱਟੀ)

**7.** ਜੈਵਿਕ ਖੇਤੀ ਵਿੱਚ .................... ਦੇ ਪਾਣੀ ਨਾਲ਼ ਸਿੰਚਾਈ ਨਹੀਂ ਕੀਤੀ ਜਾ ਸਕਦੀ । (ਸੀਵਰੇਜ / ਨਹਿਰ)

**8.** ਜੈਵਿਕ ਖੇਤੀ ਵਿੱਚ ...................... ਖਾਦਾਂ ਦੀ ਵਰਤੋਂ ਦੀ ਮਨਾਹੀ ਹੈ । (ਰਸਾਇਣਿਕ / ਜੈਵਿਕ)

**9.** ਜੈਵਿਕ ਖੇਤੀ ਅਧੀਨ ਫ਼ਸਲੀ ਚੱਕਰ ਵਿੱਚ ਇੱਕ ................ ਫ਼ਸਲ ਬੀਜਣੀ ਬਹੁਤ ਜ਼ਰੂਰੀ ਹੈ ।(ਫਲੀਦਾਰ / ਅਨਾਜ)

**10.** ਟਰਾਈਕੋਡਰਮਾ ਇੱਥ ਜੈਵਿਕ ........................ ਹੈ । (ਉੱਲੀ ਨਾਸ਼ਕ / ਕੀਟਨਾਸ਼ਕ)

**ਉੱਤਰ : 6. ਹਰੀ 7. ਸੀਵਰੇਜ 8. ਰਸਾਇਣਿਕ 9. ਫਲੀਦਾਰ 10. ਉੱਲੀ ਨਾਸ਼ਕ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਜੈਵਿਕ ਖੇਤੀ ਵਿੱਚ ਰੂੜੀ ਦੀ ਖਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ ।

**12.** ਹਲਦੀ ਵਿੱਚ ਝੋਨੇ ਦੀ ਪਰਾਲੀ ਦੀ ਤਹਿ ਵਿਛਾ ਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

**13.** ਮਿੱਤਰ ਕੀੜੇ ਫ਼ਸਲ ਲਈ ਹਾਨੀਕਾਰਕ ਹੁੰਦੇ ਹਨ ।

**14.** ਜੈਵਿਕ ਖੇਤੀ ਵਿੱਚ ਬੀ. ਟੀ. ਕਿਸਮਾਂ ਦੇ ਬੀਜ ਵਰਤੇ ਜਾ ਸਕਦੇ ਹਨ ।

**15.** ਜੈਵਿਕ ਖੇਤੀ ਵਿੱਚ ਹਰੀ ਖਾਦ ਦੀ ਵਰਤੋਂ ਕੀਤੀ ਜਾ ਸਕਦੀ ਹੈ ।

**ਉੱਤਰ : 11. (×) 12. (✓) 13. (×) 14. (×) 15. (✓)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਜੈਵਿਕ ਖੇਤੀ ਅਧੀਨ ਕਿਹੜੇ ਤਿੰਨ ਕੁਦਰਤੀ ਸੋਮਿਆਂ ਦੀ ਸੰਭਾਲ ਕੀਤੀ ਜਾਂਦੀ ਹੈ ?**

ਉੱਤਰ : (ੳ) ਭੂਮੀ (ਅ) ਪਾਣੀ (ੲ) ਹਵਾ

**17. ਜੈਵਿਕ ਖੇਤੀ ਵਿੱਚ ਵਰਤੀਆਂ ਜਾਣ ਵਾਲੀਆਂ ਕਿਸੇ ਤਿੰਨ ਖਾਦਾਂ ਦੇ ਨਾਂ ਲਿਖੋ ।**

ਉੱਤਰ : (ੳ) ਰੂੜੀ ਦੀ ਖਾਦ (ਅ) ਕੰਪੋਸਟ ਖਾਦ (ੲ) ਗੰਡੋਆ ਖਾਦ (ਸ) ਹਰੀ ਖਾਦ

**18. ਹਰੀ ਕ੍ਰਾਂਤੀ ਨੇ ਸਾਡੇ ਵਾਤਾਵਰਣ ਅਤੇ ਜ਼ਮੀਨ ਦੀ ਸਿਹਤ ਨੂੰ ਕਿਵੇਂ ਨੁਕਸਾਨ ਪਹੁੰਚਾਇਆ ਹੈ ?**

ਉੱਤਰ : (ੳ) ਰਸਾਇਣਿਕ ਖਾਦਾਂ ਅਤੇ ਕੀੜੇਮਾਰ ਜ਼ਹਿਰਾਂ ਦੀ ਲੋੜ ਤੋਂ ਵੱਧ ਵਰਤੋਂ ਨਾਲ਼ ।

(ਅ) ਦੇਸੀ ਖਾਦਾਂ ਦੀ ਵਰਤੋਂ ਪ੍ਰਤੀ ਅਣਗਹਿਲੀ ਨਾਲ਼ । (ੲ) ਝੋਨੇ ਅਤੇ ਕਣਕ ਦੀ ਪਰਾਲੀ ਸਾੜਨ ਨਾਲ਼

**19. ਕਿਹੜੇ ਜੈਵਿਕ ਉਤਪਾਦਾਂ ਦੀ ਵਿਸ਼ਵ ਮੰਡੀ ਵਿੱਚ ਮੰਗ ਜ਼ਿਆਦਾ ਹੈ ?**

ਉੱਤਰ : ਚਾਹ, ਬਾਸਮਤੀ ਚੌਲ, ਮਸਾਲੇ, ਫਲ, ਸਬਜ਼ੀਆਂ, ਦਾਲਾਂ ਅਤੇ ਕਪਾਹ ਵਰਗੇ ਜੈਵਿਕ ਉਤਪਾਦਾਂ ਦੀ ਵਿਸ਼ਵ ਮੰਡੀ ਵਿੱਚ ਮੰਗ ਹੈ ।

**20. ਕਿਸੇ ਦੋ ਜੈਵਿਕ ਕੀਟਨਾਸ਼ਕਾਂ ਦੇ ਨਾਂ ਲਿਖੋ ।**

ਉੱਤਰ : ਬੀ. ਟੀ. ਸਪਰੇਅ ਅਤੇ ਟਰਾਈਕੋਗਰਾਮਾ ਜੈਵਿਕ ਕੀਟਨਾਸ਼ਕ ਹਨ ।

**21. ਕਿਹੜੇ ਤਿੰਨ ਦੇਸ਼ ਜੈਵਿਕ ਉਤਪਾਦਾਂ ਦੀ ਮੁੱਖ ਮੰਡੀ ਹਨ ?**

ਉੱਤਰ : ਅਮਰੀਕਾ, ਜਪਾਨ ਅਤੇ ਯੂਰਪੀ ਦੇਸ਼ ਜੈਵਿਕ ਉਤਪਾਦਾਂ ਦੀ ਮੁੱਖ ਮੰਡੀ ਹਨ ।

**22. ਜੈਵਿਕ ਖੇਤੀ ਵਿੱਚ ਜ਼ਮੀਨ ਦੀ ਕੁਦਰਤੀ ਉਪਜਾਊ ਸ਼ਕਤੀ ਵਧਾਉਣ ਲਈ ਕੀ ਕੀਤਾ ਜਾਂਦਾ ਹੈ ?**

ਉੱਤਰ : (ੳ) ਫਲੀਦਾਰ ਫ਼ਸਲਾਂ ਅਧਾਰਿਤ ਫ਼ਸਲੀ ਚੱਕਰ ਅਪਣਾਏ ਜਾਂਦੇ ਹਨ ।

(ਅ) ਫ਼ਸਲਾਂ ਦੀ ਰਹਿੰਦ ਖੂੰਹਦ ਨੂੰ ਖੇਤ ਵਿੱਚ ਹੀ ਵਾਹਿਆ ਜਾਂਦਾ ਹੈ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਜੈਵਿਕ ਖੇਤੀ ਦੇ ਕੋਈ ਚਾਰ ਲਾਭ ਲਿਖੋ ।**

ਉੱਤਰ :

(ੳ) ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ । (ਅ) ਖੇਤੀ ਤੇ ਖ਼ਰਚ ਘੱਟ ਹੁੰਦਾ ਹੈ ।

(ੲ) ਜੈਵਿਕ ਪੈਦਾਵਾਰ ਦੀ ਵੱਧ ਕੀਮਤ ਮਿਲਦੀ ਹੈ । (ਸ) ਵਧੇਰੇ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ।

(ਹ) ਜ਼ਹਿਰੀਲੇ ਅੰਸ਼ਾਂ ਤੋਂ ਰਹਿਤ ਭੋਜਨ ਪਦਾਰਥ ਮਿਲਦੇ ਹਨ ।

(ਕ) ਵਾਤਾਵਰਣ ਪ੍ਰਦੂਸ਼ਿਤ ਨਹੀਂ ਹੁੰਦਾ ਹੈ ।

**24. ਜੈਵਿਕ ਖੇਤੀ ਦੇ ਕੋਈ ਚਾਰ ਮਿਆਰ ਲਿਖੋ ।**

ਉੱਤਰ :

(ੳ) ਜੈਵਿਕ ਖੇਤੀ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੀ ਇਜਾਜ਼ਤ ਨਹੀਂ ਹੈ ।

(ਅ) ਜ਼ਮੀਨ ਦੀ ਚੰਗੀ ਸਿਹਤ ਲਈ ਫ਼ਸਲੀ ਚੱਕਰ ਵਿੱਚ ਇੱਕ ਫ਼ਲੀਦਾਰ ਫ਼ਸਲ ਬੀਜਣੀ ਬਹੁਤ ਜ਼ਰੂਰੀ ਹੈ ।

(ੲ) ਜੈਵਿਕ ਖੇਤੀ ਦੇ ਆਲ਼ੇ-ਦੁਆਲੇ ਕੁਦਰਤੀ ਜਾਂ ਆਪ ਬਣਾਇਆ ਸੁਰੱਖਿਆ ਘੇਰਾ ਹੋਣਾ ਚਾਹੀਦਾ ਹੈ ਜੋ ਜੈਵਿਕ ਖੇਤ ਨੂੰ ਰਵਾਇਤੀ ਖੇਤਾਂ ਤੋਂ ਅਲੱਗ ਕਰਦਾ ਹੋਵੇ ।

(ਸ) ਇਸ ਵਿੱਚ ਕਿਸੇ ਵੀ ਤਰ੍ਹਾਂ ਦੇ ਖੇਤੀ ਰਸਾਇਣ ਵਰਤਣ ਦੀ ਮਨਾਹੀ ਹੈ ।

(ਹ) ਇਹ ਖੇਤੀ ਵਿੱਚ ਪ੍ਰਦੂਸ਼ਿਤ ਪਾਣੀ ਜਿਵੇਂ ਕਿ ਸੀਵਰੇਜ ਦੇ ਪਾਣੀ ਨਾਲ਼ ਸਿੰਚਾਈ ਨਹੀਂ ਕੀਤੀ ਜਾ ਸਕਦੀ ।

(ਕ) ਜੈਵਿਕ ਖੇਤੀ ਵਿੱਚ ਜੈਨੇਟੀਕਲੀ ਬਦਲੀਆਂ ਫ਼ਸਲਾਂ ਜਿਵੇਂ ਬੀ. ਟੀ. ਕਿਸਮਾਂ ਦੀ ਮਨਾਹੀ ਹੈ ।

## ਪਾਠ - 9

## ਖੇਤੀ ਮਸ਼ੀਨਰੀ ਅਤੇ ਉਸ ਦੀ ਸਾਂਭ-ਸੰਭਾਲ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਜ਼ਮੀਨ ਤੋਂ ਬਾਅਦ ਕਿਸਾਨ ਦੀ ਸਭ ਤੋਂ ਵੱਧ ਪੂੰਜੀ ਕਿਸ ਚੀਜ਼ ਵਿੱਚ ਲੱਗੀ ਹੁੰਦੀ ਹੈ ?

(ੳ) ਬੀਜ (ਅ) ਖਾਦ (ੲ) ਖੇਤੀ ਮਸ਼ੀਨਰੀ (ਸ) ਕੀਟਨਾਸ਼ਕ ਜ਼ਹਿਰਾਂ

**2.** ਸਾਡੀ ਖੇਤੀ ਮਸ਼ੀਨਰੀ ਦਾ ਮੁਖੀ ਕਿਸ ਨੂੰ ਮੰਨਿਆ ਜਾਂਦਾ ਹੈ ?

(ੳ) ਟਰੈਕਟਰ (ਅ) ਰੋਟਾਵੇਟਰ (ੲ) ਥਰੈਸ਼ਰ (ਸ) ਸੀਡ ਡਰਿੱਲ

**3.** ਟਰੈਕਟਰ ਤੋਂ ਕਿੰਨੇ ਘੰਟੇ ਕੰਮ ਲੈਣ ਤੋਂ ਬਾਅਦ ਓਵਰਹਾਲ ਕਰਵਾ ਲੈਣਾ ਚਾਹੀਦਾ ਹੈ ?

(ੳ) 1000 ਘੰਟੇ (ਅ) 2000 ਘੰਟੇ (ੲ) 3000 ਘੰਟੇ (ਸ) 4000 ਘੰਟੇ

**4.** ਟਰੈਕਟਰ ਨੂੰ ਲੰਬਾ ਸਮਾਂ ਖੜ੍ਹਾ ਕਰਨ ਲਈ ਹਮੇਸ਼ਾ ਕਿਹੜੇ ਗਿਅਰ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ ?

(ੳ) ਪਹਿਲੇ ਗਿਅਰ (ਅ) ਦੂਜੇ ਗਿਅਰ (ੲ) ਤੀਜੇ ਗਿਅਰ (ਸ) ਨਿਊਟਰਲ ਗਿਅਰ

**5.** ਖੇਤੀ ਮਸ਼ੀਨਾਂ ਮੁੱਢਲੇ ਤੌਰ ਤੇ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ ?

(ੳ) ਇੱਕ (ਅ) ਦੋ (ੲ) ਤਿੰਨ (ਸ) ਚਾਰ

**ਉੱਤਰ : 1. (ੲ) 2. (ੳ) 3. (ਸ) 4. (ਸ) 5. (ੲ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਟਰੈਕਟਰ ਨੂੰ ਹਮੇਸ਼ਾ ............ ਗਿਅਰ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ। (ਚੌਥੇ / ਨਿਊਟਰਲ)

**7.** ਚੰਗੀ ਸੰਭਾਲ ਨਾਲ਼ ਖੇਤੀ ਮਸ਼ੀਨਰੀ ਦੀ ਉਮਰ ...................... ਹੈ। (ਵਧਦੀ / ਘੱਟਦੀ)

**8.** ਟਰੈਕਟਰ ਦੇ ਬੈਟਰੀ ਟਰਮੀਨਲ ਨੂੰ ਸਾਫ਼ ਕਰਕੇ ......................... ਜੈਲੀ ਦਾ ਲੇਪ ਕਰੋ। (ਪੈਟਰੋਲੀਅਮ / ਫਰੂਟ)

**9.** ਬਿਜਾਈ ਮਸ਼ੀਨਾਂ ਵਿੱਚੋਂ ਬੀਜ/ਖਾਦ ਕੱਢ ਕੇ ਅਤੇ ਸਾਫ਼ ਕਰਕੇ ...................... ਦਾ ਲੇਪ ਕਰੋ। (ਪੁਰਾਣੇ ਤੇਲ / ਪਾਣੀ)

**10.** ਮਸ਼ੀਨਾਂ ਨੂੰ ............ .... ਤੋਂ ਬਚਾਉਣ ਲਈ ਗਰੀਸ ਜਾਂ ਪੁਰਾਣੇ ਤੇਲ ਦਾ ਲੇਪ ਕਰਨਾ ਚਾਹੀਦਾ ਹੈ। (ਸਿਉਂਕ / ਜੰਗਾਲ)

**ਉੱਤਰ : 6. ਨਿਊਟਰਲ 7. ਵਧਦੀ 8. ਪੈਟਰੋਲੀਅਮ 9. ਪੁਰਾਣੇ ਤੇਲ 10. ਜੰਗਾਲ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਕੰਬਾਈਨ ਹਾਰਵੈਸਟਰ ਅਤੇ ਝੋਨੇ ਦਾ ਟਰਾਂਸਪਲਾਂਟਰ ਸਵੈ-ਚਾਲਤ ਮਸ਼ੀਨਾਂ ਹਨ।

**12.** ਟਰੈਕਟਰ ਦੀ ਬੈਟਰੀ ਨੂੰ ਸਮੇਂ-ਸਮੇਂ ਤੇ ਚਾਰਜ ਕਰਦੇ ਰਹਿਣਾ ਚਾਹੀਦਾ ਹੈ।

**13.** ਟਰੈਕਟਰ ਦੇ ਏਅਰ ਕਲੀਨਰ ਨੂੰ ਸਾਫ਼ ਨਹੀਂ ਕਰਨਾ ਚਾਹੀਦਾ ਹੈ।

**14.** ਚੂਹੇ ਕੰਬਾਈਨ ਹਾਰਵੈਸਟਰ ਦੇ ਇਲੈਕਟ੍ਰੀਕਲ ਸਿਸਟਮ ਅਤੇ ਪਾਈਪਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

**15.** ਸਪਰੇਅ ਪੰਪ ਨੂੰ ਵਰਤਣ ਤੋਂ ਬਾਅਦ ਖ਼ਾਲੀ ਕਰਕੇ ਚਲਾਉਣਾ ਚਾਹੀਦਾ ਹੈ।

**ਉੱਤਰ : 11. (✓) 12. (✓) 13. (×) 14. (✓) 15. (✓)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਮੁੱਢਲੇ ਤੌਰ ਤੇ ਖੇਤੀ ਮਸ਼ੀਨਾਂ ਦੇ ਤਿੰਨ ਪ੍ਰਕਾਰ ਲਿਖੋ ।**

ਉੱਤਰ : (ੳ) ਚਲਾਉਣ ਵਾਲੀਆਂ ਮਸ਼ੀਨਾਂ (ਅ) ਖੇਤੀ ਸੰਦ (ੲ) ਸਵੈ-ਚਾਲਤ ਮਸ਼ੀਨਾਂ

**17. ਕੰਬਾਈਨ ਹਾਰਵੈਸਟਰ ਨੂੰ ਜੰਗਾਲ ਤੋਂ ਬਚਾਉਣ ਦੇ ਕੋਈ ਦੋ ਉਪਾਅ ਲਿਖੋ ।**

ਉੱਤਰ : (ੳ) ਮਸ਼ੀਨ ਨੂੰ ਕਿਸੇ ਸ਼ੈੱਡ ਹੇਠ ਖੜ੍ਹਾ ਕਰੋ । (ਅ) ਜਿਸ ਜਗ੍ਹਾ ਤੋਂ ਰੰਗ ਲੱਥਾ ਹੈ, ਉੱਥੇ ਰੰਗ ਕਰ ਦਿਉ ।

**18. ਜੇ ਟਰੈਕਟਰ ਨੂੰ ਲੰਬੇ ਸਮੇਂ ਤੱਕ ਖੜ੍ਹਾ ਰੱਖਣਾ ਹੈ ਤਾਂ ਟਾਇਰਾਂ ਦੀ ਸੰਭਾਲ ਲਈ ਕੀ ਕਰਨਾ ਚਾਹੀਦਾ ਹੈ ।**

ਉੱਤਰ : (ੳ) ਟਰੈਕਟਰ ਨੂੰ ਲੱਕੜ ਦੇ ਗੁਟਕਿਆਂ ਉੱਪਰ ਚੁੱਕ ਦਿਓ ਤਾਂ ਕਿ ਟਾਇਰਾਂ ਉੱਪਰ ਦਬਾਅ ਨਾ ਰਹੇ ।

(ਅ) ਟਾਇਰਾਂ ਵਿੱਚ ਹਵਾ ਵੀ ਘੱਟ ਕਰ ਦੇਣੀ ਚਾਹੀਦੀ ਹੈ ।

**19. ਟਰੈਕਟਰ ਨਾਲ਼ ਚੱਲਣ ਵਾਲੀਆਂ ਕੋਈ ਤਿੰਨ ਮਸ਼ੀਨਾਂ ਦੇ ਨਾਂ ਲਿਖੋ ।**

ਉੱਤਰ : ਕਲਟੀਵੇਟਰ, ਤਵੀਆਂ, ਬੀਜ ਅਤੇ ਖਾਦ ਡਰਿੱਲ, ਹੈਪੀ ਸੀਡਰ ਆਦਿ ਖੇਤੀ ਮਸ਼ੀਨਾਂ ਟਰੈਕਟਰ ਨਾਲ਼ ਚੱਲਦੀਆਂ ਹਨ ।

**20. ਟਰੈਕਟਰ ਨੂੰ ਸਟੋਰ ਕਰਨ ਸਮੇਂ ਧਿਆਨ ਰੱਖਣ ਯੋਗ ਕੋਈ ਤਿੰਨ ਗੱਲਾਂ ਲਿਖੋ ।**

ਉੱਤਰ : (ੳ) ਟਰੈਕਟਰ ਨੂੰ ਹਮੇਸ਼ਾ ਨਿਊਟਰਲ ਗਿਅਰ ਵਿੱਚ ਖੜ੍ਹਾ ਕਰੋ । (ਅ) ਟਰੈਕਟਰ ਦੀ ਸਵਿੱਚ ਨੂੰ ਬੰਦ ਕਰੋ ।

(ੲ) ਟਰੈਕਟਰ ਦੀ ਪਾਰਕਿੰਗ ਬਰੇਕ ਲਗਾਓ ।

**21. ਕਿਸੇ ਤਿੰਨ ਮਸ਼ੀਨਾਂ ਦੇ ਨਾਂ ਲਿਖੋ ਜਿਨ੍ਹਾਂ ਵਿੱਚ ਸ਼ਕਤੀ ਸਰੋਤ ਮਸ਼ੀਨ ਦਾ ਹੀ ਹਿੱਸਾ ਹੁੰਦਾ ਹੈ ।**

ਉੱਤਰ : (ੳ) ਟਰੈਕਟਰ (ਅ) ਇੰਜਣ (ੲ) ਮੋਟਰ

**22. ਟਰੈਕਟਰ ਦੀ ਸੰਭਾਲ ਲਈ ਕਿੰਨੇ ਘੰਟੇ ਬਾਅਦ ਸਰਵਿਸ ਕਰਨੀ ਚਾਹੀਦੀ ਹੈ ?**

ਉੱਤਰ : ਟਰੈਕਟਰ ਦੀ ਸੰਭਾਲ ਲਈ 10 ਘੰਟੇ, 50 ਘੰਟੇ, 125 ਘੰਟੇ, 250 ਘੰਟੇ, 500 ਘੰਟੇ ਅਤੇ 1000 ਘੰਟੇ ਬਾਅਦ ਸਰਵਿਸ ਕਰਨੀ ਚਾਹੀਦੀ ਹੈ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਖੇਤੀ ਮਸ਼ੀਨਰੀ ਦੀ ਸਾਂਭ-ਸੰਭਾਲ ਦੇ ਕੋਈ ਚਾਰ ਲਾਭ ਲਿਖੋ ।**

ਉੱਤਰ : (ੳ) ਇਸ ਨਾਲ਼ ਮਸ਼ੀਨਰੀ ਦੀ ਉਮਰ ਵਧਦੀ ਹੈ ।

(ਅ) ਸਹੀ ਸਾਂਭ-ਸੰਭਾਲ ਨਾਲ਼ ਖ਼ਰਚੇ ਵਿੱਚ ਕਮੀ ਆਉਂਦੀ ਹੈ ।

(ੲ) ਮਸ਼ੀਨ ਦੀ ਕਾਰਜ-ਕੁਸ਼ਲਤਾ ਵਿੱਚ ਵਾਧਾ ਹੁੰਦਾ ਹੈ ।

(ਸ) ਮਸ਼ੀਨਰੀ ਨੂੰ ਵਰਤਣ ਸਮੇਂ ਕੋਈ ਦਿੱਕਤ ਨਹੀਂ ਆਉਂਦੀ ।

**24. ਕੰਬਾਈਨ ਹਾਰਵੈਸਟਰ ਦੀ ਸਹੀ ਸਾਂਭ-ਸੰਭਾਲ ਲਈ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ ।**

ਉੱਤਰ : (ੳ) ਕੰਬਾਈਨ ਹਾਰਵੈਸਟਰ ਨੂੰ ਚੰਗੀ ਤਰ੍ਹਾਂ ਧੋ ਕੇ, ਸਾਫ਼ ਕਰਕੇ ਸ਼ੈੱਡ ਹੇਠ ਖੜ੍ਹਾ ਕਰਨਾ ਚਾਹੀਦਾ ਹੈ ।

(ਅ) ਮਸ਼ੀਨ ਦੀ ਮੁਰੰਮਤ ਸੀਜ਼ਨ ਖ਼ਤਮ ਹੋਣ ਤੋਂ ਬਾਅਦ ਸਟੋਰ ਕਰਨ ਤੋਂ ਪਹਿਲਾਂ ਕਰ ਦੇਣੀ ਚਾਹੀਦੀ ਹੈ ।

(ੲ) ਮਸ਼ੀਨ ਦੀਆਂ ਚੇਨਾਂ ਨੂੰ ਚੰਗੀ ਤਰ੍ਹਾਂ ਡੀਜ਼ਲ ਨਾਲ਼ ਸਾਫ਼ ਕਰਕੇ ਗਰੀਸ ਕਰ ਦੇਣੀ ਚਾਹੀਦੀ ਹੈ ।

(ਸ) ਰਗੜ ਖਾਣ ਵਾਲੇ ਹਿੱਸਿਆਂ ਨੂੰ ਤੇਲ ਦੇਣਾ ਚਾਹੀਦਾ ਹੈ ।

(ਹ) ਗਰੀਸ ਵਾਲੇ ਨੱਕਿਆਂ ਨੂੰ ਸਾਫ਼ ਕਰਕੇ ਨਵੀਂ ਗਰੀਸ ਭਰ ਦੇਣੀ ਚਾਹੀਦੀ ਹੈ ।

## ਪਾਠ - 10

## ਫਲਾਂ ਅਤੇ ਸਬਜ਼ੀਆਂ ਦੀ ਸਾਂਭ-ਸੰਭਾਲ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਫਲਾਂ ਅਤੇ ਸਬਜ਼ੀਆਂ ਦੀ ਦਰਜਾਬੰਦੀ ਕਿਸ ਅਧਾਰ 'ਤੇ ਕੀਤੀ ਜਾਂਦੀ ਹੈ ?

(ੳ) ਅਕਾਰ (ਅ) ਭਾਰ (ੲ) ਰੰਗ (ਸ) ਇਹ ਸਾਰੇ

**2.** ਭਾਰਤੀ ਮੈਡੀਕਲ ਖੋਜ ਸੰਸਥਾ ਅਨੁਸਾਰ ਪ੍ਰਤੀ ਜੀਅ ਹਰ ਰੋਜ਼ ਕਿੰਨੇ ਫਲਾਂ ਦੀ ਲੋੜ ਹੈ ?

(ੳ) 80 ਗ੍ਰਾਮ (ਅ) 60 ਗ੍ਰਾਮ (ੲ) 40 ਗ੍ਰਾਮ (ਸ) 20 ਗ੍ਰਾਮ

**3.** ਫਲ ਅਤੇ ਸਬਜ਼ੀਆਂ ਦੀ ਨਿੱਗਰਤਾ ਕਿਸ ਯੰਤਰ ਨਾਲ਼ ਮਾਪੀ ਜਾਂਦੀ ਹੈ ?

(ੳ) ਬੈਰੋਮੀਟਰ (ਅ) ਪੈਨੀਟਰੋਮੀਟਰ (ੲ) ਥਰਮਾਮੀਟਰ (ਸ) ਲੈਕਟੋਮੀਟਰ

**4.** ਫਲਾਂ ਦੀ ਕਿੰਨੇ ਪ੍ਰਤੀਸ਼ਤ ਪੈਦਾਵਾਰ ਮੰਡੀਆਂ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਖ਼ਰਾਬ ਹੋ ਜਾਂਦੀ ਹੈ ?

(ੳ) 5-10% (ਅ) 10-15% (ੲ) 15-20% (ਸ) 25-30%

**5.** ਪਿਆਜ਼ ਨੂੰ ਸ਼ੀਤ ਭੰਡਾਰ ਕਰਨ ਲਈ ਕਿੰਨੀ ਨਮੀ ਦੀ ਜ਼ਰੂਰਤ ਹੁੰਦੀ ਹੈ ?

(ੳ) 65-70% (ਅ) 80-85% (ੲ) 90-95% (ਸ) 95-100%

**ਉੱਤਰ : 1. (ਸ) 2. (ੳ) 3. (ਅ) 4. (ਸ) 5. (ੳ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਕੈਲਸ਼ੀਅਮ ਕਾਰਬਾਈਡ ਫਲ ਪਕਾਉਣ ਲਈ ਵਰਤਿਆ ਜਾਣ ਵਾਲਾ ................. ਰਸਾਇਣ ਹੈ । (ਹਾਨੀਕਾਰਕ / ਲਾਭਦਾਇਕ)

**7.** ਜਿਉਂ-ਜਿਉਂ ਫਲ ਪੱਕਦਾ ਹੈ ਉਸ ਦੀ ਨਿੱਗਰਤਾ ................... ਜਾਂਦੀ ਹੈ । (ਵਧਦੀ / ਘੱਟਦੀ)

**8.** ਕਿੰਨੂ ਨੂੰ ਸ਼ੀਤ ਭੰਡਾਰ ਕਰਕੇ ................. ਮਹੀਨੇ ਤੱਕ ਸਾਂਭ ਕੇ ਰੱਖਿਆ ਜਾ ਸਕਦਾ ਹੈ । (ਦੋ / ਦਸ)

**9.** ਸਰਿੰਕ ਫ਼ਿਲਮ ਦੀ ਵਰਤੋਂ ................. ਫਲ ਅਤੇ ਸਬਜ਼ੀਆਂ ਨੂੰ ਪੈਕ ਕਰਨ ਲਈ ਕੀਤੀ ਜਾਂਦੀ ਹੈ । (ਸਸਤੇ / ਮਹਿੰਗੇ)

**10.** ਫਲਾਂ ਵਿੱਚ ..................... ਦਾ ਪਤਾ ਲਗਾਉਣ ਲਈ ਰੀਫਰੈਕਟੋਮੀਟਰ ਵਰਤਿਆ ਜਾਂਦਾ ਹੈ । (ਮਿਠਾਸ / ਪਾਣੀ)

**ਉੱਤਰ : 6. ਹਾਨੀਕਾਰਕ 7. ਘੱਟਦੀ 8. ਦੋ 9. ਮਹਿੰਗੇ 10. ਮਿਠਾਸ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਭਾਰਤ ਵਿੱਚ ਪ੍ਰਤੀ ਵਿਅਕਤੀ 30 ਗ੍ਰਾਮ ਫਲ ਹੀ ਹਿੱਸੇ ਆਉਂਦੇ ਹਨ ।

**12.** ਫਲਾਂ ਦੀ ਨਿੱਗਰਤਾ ਮਾਪਣ ਲਈ ਪੈਨੀਟਰੋਮੀਟਰ ਦੀ ਵਰਤੋਂ ਕੀਤੀ ਜਾਂਦੀ ਹੈ ।

**13.** ਤੋੜਨ ਸਮੇਂ ਫਲ ਨੂੰ ਖਿੱਚ ਕੇ ਤੋੜਨਾ ਚਾਹੀਦਾ ਹੈ ।

**14.** ਆਲੂ ਅਤੇ ਪਿਆਜ਼ ਨੂੰ ਨੇੜੇ ਦੀ ਮੰਡੀ ਵਿੱਚ ਭੇਜਣ ਲਈ ਬੋਰੀਆਂ ਵਰਤੀਆਂ ਜਾਂਦੀਆਂ ਹਨ ।

**15.** ਭਾਰਤ ਸਰਕਾਰ ਵੱਲੋਂ ਕੈਲਸ਼ੀਅਮ ਕਾਰਬਾਈਡ ਨਾਲ਼ ਪਕਾਏ ਹੋਏ ਫਲਾਂ ਨੂੰ ਵੇਚਣ ਤੇ ਪਾਬੰਦੀ ਲਗਾਈ ਗਈ ਹੈ ।

**ਉੱਤਰ : 11. (✓) 12. (✓) 13. (×) 14. (✓) 15. (✓)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਅੰਬ ਦੇ ਤਿਆਰ ਫਲ ਦੀਆਂ ਕੋਈ ਨਿਸ਼ਾਨੀਆਂ ਲਿਖੋ ।**

ਉੱਤਰ : (ੳ) ਅੰਬ ਦੇ ਫਲ ਦੀ ਚੁੰਝ ਦਾ ਬਣਨਾ (ਅ) ਫਲ ਦੀ ਡੰਡੀ ਲਾਗੇ ਪਾਸਿਆਂ ਦਾ ਉੱਭਰਨਾ

**17. ਕਿਸੇ ਤਿੰਨ ਫਲਾਂ ਦੇ ਨਾਂ ਲਿਖੋ ਜਿਨ੍ਹਾਂ ਉੱਪਰ ਮੋਮ ਚੜ੍ਹਾਈ ਜਾਂਦੀ ਹੈ ।**

ਉੱਤਰ : (ੳ) ਕਿਨੂੰ (ਅ) ਸੇਬ (ੲ) ਨਾਸ਼ਪਾਤੀ

**18. ਫਲਾਂ ਅਤੇ ਸਬਜ਼ੀਆਂ ਦੀ ਦਰਜਾਬੰਦੀ ਕਿਸ ਅਧਾਰ ਤੇ ਕੀਤੀ ਜਾਂਦੀ ਹੈ ?**

ਉੱਤਰ : ਫਲਾਂ ਅਤੇ ਸਬਜ਼ੀਆਂ ਦੀ ਦਰਜਾਬੰਦੀ ਆਕਾਰ, ਭਾਰ ਅਤੇ ਰੰਗ ਦੇ ਅਨੁਸਾਰ ਕੀਤੀ ਜਾਂਦੀ ਹੈ ।

**19. ਭਾਰਤ ਸਰਕਾਰ ਵੱਲੋਂ ਫਲ ਅਤੇ ਸਬਜ਼ੀਆਂ ਉੱਤੇ ਚੜ੍ਹਾਉਣ ਵਾਲੇ ਕਿਹੜੇ ਤਿੰਨ ਤਰ੍ਹਾਂ ਦੇ ਮੋਮ ਮੰਜ਼ੂਰਸ਼ੁਦਾ ਹਨ ?**

ਉੱਤਰ : (ੳ) ਸ਼ੈਲਾਕ ਮੋਮ (ਅ) ਕਾਰਨੋਬਾ ਮੋਮ (ੲ) ਮਧੂ ਮੱਖੀਆਂ ਦੇ ਛੱਤੇ ਤੋਂ ਕੱਢਿਆ ਮੋਮ

**20. ਸਰਿੰਕ/ਕਲਿੰਗ ਫ਼ਿਲਮ ਦੀ ਵਰਤੋਂ ਕਿਹੜੇ ਮਹਿੰਗੇ ਫਲ ਅਤੇ ਸਬਜ਼ੀਆਂ ਨੂੰ ਪੈਕ ਕਰਨ ਲਈ ਕੀਤੀ ਜਾਂਦੀ ਹੈ ?**

ਉੱਤਰ : ਕਿਨੂੰ, ਟਮਾਟਰ, ਸ਼ਿਮਲਾ ਮਿਰਚ ਅਤੇ ਬੀਜ ਰਹਿਤ ਖੀਰੇ ਆਦਿ ਨੂੰ ਪੈਕ ਕਰਨ ਲਈ ਸਰਿੰਕ/ਕਲਿੰਗ ਫਿਲਮ ਦੀ ਵਰਤੋਂ ਕੀਤੀ ਜਾਂਦੀ ਹੈ ।

**21. ਟਮਾਟਰ ਨੂੰ ਤੋੜਨ ਲਈ ਕਿਹੜੇ ਮਾਪਦੰਡ ਵਰਤੇ ਜਾਂਦੇ ਹਨ ?**

ਉੱਤਰ : ਨੇੜਲੀ ਮੰਡੀ ਲਈ ਪੱਕੇ ਲਾਲ ਰੰਗ ਦੇ ਟਮਾਟਰ ਅਤੇ ਦੂਰ-ਦੁਰਾਡੇ ਦੀ ਮੰਡੀ ਲਈ ਜਦੋਂ ਟਮਾਟਰਾਂ ਦਾ ਰੰਗ ਹਰੇ ਤੋਂ ਪੀਲਾ ਹੋਣਾ ਸ਼ੁਰੂ ਹੋਵੇ ਤਾਂ ਟਮਾਟਰਾਂ ਨੂੰ ਤੋੜ ਲੈਣਾ ਚਾਹੀਦੀ ਹੈ ।

**22. ਪਲਾਸਟਿਕ ਦੇ ਕਰੇਟ ਕਿਵੇਂ ਉਪਯੋਗੀ ਹਨ ?**

ਉੱਤਰ : ਕਿਨੂੰ, ਟਮਾਟਰ ਅਤੇ ਅੰਗੂਰ ਆਦਿ ਨੂੰ ਖੇਤ ਤੋਂ ਪੈਕ ਘਰ ਅਤੇ ਪੈਕ ਘਰ ਤੋਂ ਲਾਗਲੀ ਮੰਡੀ ਤੱਕ ਲਿਜਾਣ ਅਤੇ ਸ਼ੀਤ ਭੰਡਾਰਨ ਲਈ ਪਲਾਸਟਿਕ ਦੇ ਕਰੇਟ ਬਹੁਤ ਉਪਯੋਗੀ ਹਨ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਫਲ ਅਤੇ ਸਬਜ਼ੀਆਂ ਦੀ ਤੁੜਾਈ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ ।**

ਉੱਤਰ :

(ੳ) ਤੁੜਾਈ ਲਈ ਤਿੱਖੇ ਚਾਕੂ, ਕੈਂਚੀ, ਕਲਿੱਪਰ ਦੀ ਵਰਤੋਂ ਕਰਨੀ ਚਾਹੀਦੀ ਹੈ ।

(ਅ) ਤੁੜਾਈ ਸਮੇਂ ਫਲ ਨੂੰ ਕਦੇ ਵੀ ਖਿੱਚ ਕੇ ਨਹੀਂ ਤੋੜਨਾ ਚਾਹੀਦਾ । ਇਸ ਨਾਲ਼ ਫਲ ਉੱਤੇ ਡੰਡੀ ਵਾਲੀ ਥਾਂ 'ਤੇ ਜ਼ਖ਼ਮ ਹੋ ਜਾਂਦੇ ਹਨ ਜੋ ਕਿ ਕਈ ਬਿਮਾਰੀਆਂ ਨੂੰ ਜਨਮ ਦਿੰਦੇ ਹਨ ।

(ੲ) ਫਲ ਨੂੰ ਤੋੜਨ ਲਈ ਕੱਪੜੇ ਦੀ ਝੋਲੀ ਦੀ ਵਰਤੋਂ ਕਰਨੀ ਚਾਹੀਦੀ ਹੈ ।

(ਸ) ਉੱਚੇ ਲੱਗੇ ਫਲਾਂ ਨੂੰ ਤੋੜਨ ਲਈ ਤਿੰਨ ਪੈਰੀ ਪੌੜੀ ਦੀ ਵਰਤੋਂ ਕਰੋ ।

(ਹ) ਫਲ ਤੋੜਨ ਵਾਲੇ ਮਜ਼ਦੂਰਾਂ ਨੂੰ ਤੁੜਾਈ ਦੇ ਸਹੀ ਮਾਪਦੰਡਾਂ ਬਾਰੇ ਜਾਣਕਾਰੀ ਜ਼ਰੂਰ ਦੇਣੀ ਚਾਹੀਦੀ ਹੈ ।

**24. ਫਲ ਅਤੇ ਸਬਜ਼ੀਆਂ ਦੀ ਢੋਆ-ਢੁਆਈ ਦੌਰਾਨ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ ।**

ਉੱਤਰ :

(ੳ) ਫਲ ਅਤੇ ਸਬਜ਼ੀਆਂ ਨੂੰ ਢੋਣ ਵਾਲੀਆਂ ਗੱਡੀਆਂ ਦੇ ਫ਼ਰਸ਼ ਉੱਪਰ ਪਰਾਲੀ ਜਾਂ ਘਾਹ-ਫੂਸ ਦੀ ਮੋਟੀ ਤਹਿ ਵਿਛਾਉ ।

(ਅ) ਨਾਜ਼ੁਕ ਉਪਜ ਦੇ ਉੱਪਰ ਜ਼ਿਆਦਾ ਭਾਰ ਵਾਲੀ ਉਪਜ ਨਾ ਰੱਖੋ ।

(ੲ) ਉਪਜ ਉੱਪਰ ਕਦੇ ਵੀ ਖੜ੍ਹੇ ਨਾ ਹੋਵੋ । ਇਸ ਤਰ੍ਹਾਂ ਉਪਜ ਫਿੱਸ ਜਾਣ ਕਾਰਨ ਨੁਕਸਾਨ ਹੋ ਜਾਵੇਗਾ ।

(ਸ) ਫਲ ਅਤੇ ਸਬਜ਼ੀਆਂ ਨੂੰ ਸਹੀ ਤਰੀਕੇ ਨਾਲ਼ ਪੈਕ ਕਰਕੇ ਹੀ ਢੋਆ-ਢੁਆਈ ਕਰਨੀ ਚਾਹੀਦੀ ਹੈ ।

## ਪਾਠ - 11

## ਫਲਾਂ ਅਤੇ ਸਬਜ਼ੀਆਂ ਤੋਂ ਪਦਾਰਥ ਬਣਾਉਣਾ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਭਾਰਤ ਫਲ ਅਤੇ ਸਬਜ਼ੀਆਂ ਦੀ ਪੈਦਾਵਾਰ ਲਈ ਦੁਨੀਆ ਵਿੱਚ ਕਿੰਨਵੇਂ ਨੰਬਰ ਤੇ ਹੈ ।

(ੳ) ਪਹਿਲੇ (ਅ) ਦੂਜੇ (ੲ) ਤੀਜੇ (ਸ) ਚੌਥੇ

**2.** ਮੁਰੱਬਾ ਬਣਾਉਣ ਲਈ ਕਿਸ ਕਿਸਮ ਦੇ ਔਲੇ ਵਧੀਆ ਰਹਿੰਦੇ ਹਨ ।

(ੳ) ਕੰਚਨ (ਅ) ਕ੍ਰਿਸ਼ਨਾ (ੲ) ਬਨਾਰਸੀ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**3.** ਪੰਜਾਬ ਵਿੱਚ ਸਭ ਤੋਂ ਵੱਧ ਪੈਦਾਵਾਰ ਵਾਲੀ ਸਬਜ਼ੀ ਕਿਹੜੀ ਹੈ ?

(ੳ) ਆਲੂ (ਅ) ਫੁੱਲ ਗੋਭੀ (ੲ) ਮਟਰ (ਸ) ਬਰੌਕਲੀ

**4.** ਨਿੰਬੂ ਦੇ ਅਚਾਰ ਵਿੱਚ ਕਿੰਨੇ ਪ੍ਰਤੀਸ਼ਤ ਲੂਣ ਪਾਇਆ ਜਾਂਦਾ ਹੈ ?

(ੳ) 10% (ਅ) 15% (ੲ) 20% (ਸ) 30%

**5.** ਅੰਬ ਦਾ ਅਚਾਰ ਪਾਉਣ ਲਈ ਕਿਸ ਕਿਸਮ ਦੇ ਅੰਬ ਚਾਹੀਦੇ ਹਨ ?

(ੳ) ਕੱਚੇ (ਅ) ਸਖ਼ਤ (ੲ) ਖੱਟੇ (ਸ) ਇਹ ਸਾਰੇ

**ਉੱਤਰ : 1. (ਅ) 2. (ੲ) 3. (ੳ) 4. (ੲ) 5. (ਸ)**

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**6.** ਪੰਜਾਬ ਵਿੱਚ ਸਭ ਤੋਂ ਵੱਧ ਉਗਾਇਆ ਜਾਣ ਵਾਲਾ ਫ਼ਲ .................... ਹੈ । (ਸੇਬ / ਕਿੰਨੂ)

**7.** ਸੋਲਰ ਡਰਾਇਅਰ ਨੂੰ ...................... ਵਿੱਚ ਰੱਖਿਆ ਜਾਂਦਾ ਹੈ । (ਧੁੱਪ / ਛਾਂ)

**8.** ਅੰਬ ਦਾ ਸ਼ਰਬਤ ਬਣਾਉਣ ਲਈ ਪੂਰੇ ............................ ਗੁੱਦੇਦਾਰ ਅੰਬ ਚਾਹੀਦੇ ਹਨ । (ਕੱਚੇ / ਪੱਕੇ)

**9.** ਫਲਾਂ ਅਤੇ ਸਬਜ਼ੀਆਂ ਦਾ ਸਿਰਫ਼ ................. ਹੀ ਪਦਾਰਥ ਬਣਾਉਣ ਲਈ ਪ੍ਰੋਸੈਸ ਕੀਤਾ ਜਾਂਦਾ ਹੈ । (2% / 20%)

**10.** ਫਲਾਂ ਅਤੇ ਸਬਜ਼ੀਆਂ ਨੂੰ ਸੋਲਰ ......................... ਨਾਲ਼ ਸੁਕਾਇਆ ਜਾ ਸਕਦਾ ਹੈ । (ਕੁੱਕਰ / ਡਰਾਇਅਰ)

**ਉੱਤਰ : 6. ਕਿੰਨੂ 7. ਧੁੱਪ 8. ਪੱਕੇ 9. 2% 10. ਡਰਾਇਅਰ**

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਪੰਜਾਬ ਵਿੱਚ ਸਭ ਤੋਂ ਵੱਧ ਉਗਾਈ ਜਾਣ ਵਾਲੀ ਸਬਜ਼ੀ ਬਰੌਕਲੀ ਹੈ ।

**12.** ਨਿੰਬੂ ਅਤੇ ਅੰਬ ਦਾ ਅਚਾਰ 2-3 ਹਫ਼ਤਿਆਂ ਵਿੱਚ ਤਿਆਰ ਹੋ ਜਾਂਦਾ ਹੈ ।

**13.** ਕਟਾਈ ਤੋਂ ਬਾਅਦ ਫਲਾਂ ਅਤੇ ਸਬਜ਼ੀਆਂ ਵਿੱਚ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਫੂਡ ਪ੍ਰੋਸੈਸਿੰਗ ਕੀਤੀ ਜਾਂਦੀ ਹੈ ।

**14.** ਅੰਬ ਦਾ ਸ਼ਰਬਤ ਬਣਾਉਣ ਲਈ ਖੰਡ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ ।

**15.** ਪੰਜਾਬ ਵਿੱਚ ਸਭ ਤੋਂ ਵੱਧ ਪੈਦਾਵਾਰ ਵਾਲਾ ਫਲ ਸੇਬ ਹੈ ।

**ਉੱਤਰ : 11. (×) 12. (✓) 13. (✓) 14. (×) 15. (×)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**16. ਫਲਾਂ ਅਤੇ ਸਬਜ਼ੀਆਂ ਦੀ ਖ਼ਰਾਬ ਹੋਣ ਕੇ ਦੇ ਕੀ-ਕੀ ਕਾਰਨ ਹਨ ?**

ਉੱਤਰ : ਫਲ ਅਤੇ ਸਬਜ਼ੀਆਂ ਕਟਾਈ, ਸਟੋਰ, ਦਰਜਾਬੰਦੀ, ਪੈਕਿੰਗ ਅਤੇ ਢੋਆ-ਢੁਆਈ ਕਰਨ ਵੇਲੇ ਖ਼ਰਾਬ ਹੋ ਜਾਂਦੇ ਹਨ ।

**17. ਕਿਹੜੀਆਂ ਸਬਜ਼ੀਆਂ ਨੂੰ ਸੁਕਾ ਕੇ ਰੱਖਿਆ ਜਾ ਸਕਦਾ ਹੈ ?**

ਉੱਤਰ : ਗੋਭੀ, ਸ਼ਲਗਮ, ਗਾਜਰ, ਆਲੂ, ਕਰੇਲਾ, ਮੇਥੀ ਅਤੇ ਪਾਲਕ ਆਦਿ ਸਬਜ਼ੀਆਂ ਨੂੰ ਸੁਕਾ ਕੇ ਰੱਖਿਆ ਜਾ ਸਕਦਾ ਹੈ ।

**18. ਫਲ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਦੌਰਾਨ ਵਰਤੇ ਜਾਣ ਵਾਲੇ ਕਿਸੇ ਦੋ ਪ੍ਰੈਜ਼ਰਵੇਟਿਵ ਦੇ ਨਾਂ ਲਿਖੋ ।**

ਉੱਤਰ : (ੳ) ਸੋਡੀਅਮ ਬੈਨਜੋਏਟ (ਅ) ਪੋਟਾਸ਼ੀਅਮ ਮੈਟਾਬਾਈਸਲਫਾਈਟ

**19. ਨਿੰਬੂ ਦਾ ਅਚਾਰ ਕਿਵੇਂ ਤਿਆਰ ਕੀਤਾ ਜਾਂਦਾ ਹੈ ?**

ਉੱਤਰ : ਨਿੰਬੂਆਂ ਨੂੰ ਧੋ ਕੇ, ਸੁਕਾ ਕੇ ਅਤੇ ਕੱਟ ਕੇ ਉਨ੍ਹਾਂ ਦਾ 20% ਹਿੱਸਾ ਲੂਣ ਪਾ ਦਿਓ । ਇੱਕ ਕਿਲੋ ਨਿੰਬੂ ਪਿੱਛੇ 7 ਗਰਾਮ ਜ਼ੀਰਾ, 2 ਗਰਾਮ ਲੌਂਗ ਅਤੇ 20 ਗਰਾਮ ਅਜਵਾਇਣ ਪਾਓ । 2-3 ਹਫ਼ਤਿਆਂ ਵਿੱਚ ਧੁੱਪੇ ਰੱਖਣ ਨਾਲ਼ ਅਚਾਰ ਤਿਆਰ ਹੋ ਜਾਂਦਾ ਹੈ ।

**20. ਕਿਸੇ ਛੇ ਫਲ ਅਤੇ ਸਬਜ਼ੀਆਂ ਦੇ ਨਾਂ ਲਿਖੋ ਜਿਨ੍ਹਾਂ ਦਾ ਅਚਾਰ ਤਿਆਰ ਕੀਤਾ ਜਾ ਸਕਦਾ ਹੈ ?**

ਉੱਤਰ : ਨਿੰਬੂ, ਅੰਬ, ਔਲ਼ੇ, ਗਾਜਰ, ਹਰੀ ਮਿਰਚ, ਅਦਰਕ ਅਤੇ ਸ਼ਲਗਮ ਆਦਿ ਦਾ ਅਚਾਰ ਤਿਆਰ ਕੀਤਾ ਜਾ ਸਕਦਾ ਹੈ ।

**21. ਫਲਾਂ ਅਤੇ ਸਬਜ਼ੀਆਂ ਦੀ ਪੈਕਿੰਗ ਦੇ ਕੀ ਤਰੀਕੇ ਹਨ ?**

ਉੱਤਰ : ਫਲਾਂ ਅਤੇ ਸਬਜ਼ੀਆਂ ਦੀ ਪੈਕਿੰਗ ਲਈ ਗੱਤੇ ਦੇ ਡੱਬੇ, ਟੋਕਰੀਆਂ, ਪੇਟੀਆਂ ਅਤੇ ਬੋਰੀਆਂ ਦੀ ਵਰਤੋਂ ਕੀਤੀ ਜਾਂਦੀ ਹੈ ।

**22. ਭਾਰਤ ਦੀ ਫਲਾਂ ਅਤੇ ਸਬਜ਼ੀਆਂ ਦੀ ਪੈਦਾਵਾਰ ਵਿੱਚ ਸਭ ਤੋਂ ਵੱਖਰੀ ਵਿਸ਼ੇਸ਼ਤਾ ਕੀ ਹੈ ?**

ਉੱਤਰ : ਭਾਰਤ ਦੀ ਫਲਾਂ ਅਤੇ ਸਬਜ਼ੀਆਂ ਦੀ ਪੈਦਾਵਾਰ ਵਿੱਚ ਸਭ ਤੋਂ ਵੱਖਰੀ ਵਿਸ਼ੇਸ਼ਤਾ ਇਹ ਹੈ ਕਿ ਭਾਰਤ ਵਿੱਚ ਵੱਖ-ਵੱਖ ਤਰ੍ਹਾਂ ਦੇ ਮੌਸਮੀ ਹਾਲਾਤ ਹੋਣ ਕਾਰਨ ਅਨੇਕਾਂ ਤਰ੍ਹਾਂ ਦੇ ਫਲ ਅਤੇ ਸਬਜ਼ੀਆਂ ਪੈਦਾ ਕੀਤੇ ਜਾ ਸਕਦੇ ਹਨ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**23. ਗਾਜਰ ਦਾ ਅਚਾਰ ਕਿਵੇਂ ਤਿਆਰ ਕੀਤਾ ਜਾਂਦਾ ਹੈ ?**

ਉੱਤਰ : ਗਾਜਰ ਦਾ ਅਚਾਰ ਬਣਾਉਣ ਲਈ ਇਸ ਨੂੰ ਛਿੱਲ ਕੇ, ਧੋ ਕੇ ਅਤੇ ਟੁਕੜੇ ਕਰ ਕੇ ਧੁੱਪ ਵਿੱਚ ਸੁਕਾਓ । ਇੱਕ ਕਿਲੋ ਗਾਜਰਾਂ ਨੂੰ 250 ਗਰਾਮ ਸਰ੍ਹੋਂ ਦੇ ਤੇਲ ਵਿੱਚ ਪਕਾਓ । ਫਿਰ ਇਨ੍ਹਾਂ ਵਿੱਚ 100 ਗਰਾਮ ਨਮਕ ਅਤੇ 20 ਗਰਾਮ ਲਾਲ ਮਿਰਚ ਪਾ ਦੇਵੋ । ਫਿਰ ਠੰਢਾ ਹੋਣ ਤੇ 100 ਗਰਾਮ ਰਾਈ ਦਾ ਬੀਜ ਕੁੱਟ ਕੇ ਇਸ ਵਿੱਚ ਮਿਲਾ ਦਿਓ । ਫਿਰ ਅਚਾਰ ਬੋਤਲਾਂ ਵਿੱਚ ਭਰ ਕੇ ਰੱਖ ਦਿਓ।

**24. ਫਲ ਅਤੇ ਸਬਜ਼ੀਆਂ ਤੋਂ ਪਦਾਰਥ ਬਣਾਉਣ ਦੇ ਕੀ-ਕੀ ਲਾਭ ਹਨ ?**

ਉੱਤਰ :
- (ੳ) ਫਲ ਅਤੇ ਸਬਜ਼ੀਆਂ ਦੀ ਬੇਮੌਸਮੀ ਪ੍ਰਾਪਤੀ ਹੁੰਦੀ ਰਹਿੰਦੀ ਹੈ ।
- (ਅ) ਇਨ੍ਹਾਂ ਨੂੰ ਲੰਬੇ ਸਮੇਂ ਤੱਕ ਸਟੋਰ ਕਰਕੇ ਰੱਖਿਆ ਜਾ ਸਕਦਾ ਹੈ ।
- (ੲ) ਫਲ ਅਤੇ ਸਬਜ਼ੀਆਂ ਤੋਂ ਪਦਾਰਥ ਬਣਾ ਕੇ ਵੇਚਣ ਨਾਲ਼ ਵੱਧ ਲਾਭ ਹੁੰਦਾ ਹੈ ।
- (ਸ) ਇਸ ਨਾਲ਼ ਲੋਕਾਂ ਦਾ ਜੀਵਨ ਪੱਧਰ ਉੱਚਾ ਉੱਠਦਾ ਹੈ ਅਤੇ ਬੇਰੁਜ਼ਗਾਰੀ ਘੱਟਦੀ ਹੈ ।

## ਸ਼੍ਰੇਣੀ : ਅੱਠਵੀਂ

## ਖੇਤੀਬਾੜੀ

**ਸਮਾਂ : 2½ ਘੰਟੇ** **ਲਿਖਤੀ ਪ੍ਰੀਖਿਆ : 50 ਅੰਕ**

### ਪਾਠਕ੍ਰਮ (ਲਿਖਤੀ)

1. **ਭੂਮੀ ਅਤੇ ਭੂਮੀ ਸੁਧਾਰ :** ਭੂਮੀ ਕੀ ਹੈ ? ਭੂਮੀ ਦੇ ਭੌਤਿਕ ਅਤੇ ਰਸਾਇਣਕ ਗੁਣ। ਰੇਤਲੀਆਂ, ਚੀਕਣੀਆਂ ਅਤੇ ਕੱਲਰੀਆਂ ਜ਼ਮੀਨਾਂ ਦਾ ਸੁਧਾਰ ਕਰਨਾ। ਸੇਮ ਵਾਲੀਆਂ ਜ਼ਮੀਨਾਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਨੂੰ ਸੁਧਾਰਨ ਦੇ ਢੰਗ।
2. **ਪਨੀਰੀਆਂ ਤਿਆਰ ਕਰਨਾ :** ਪਨੀਰੀ ਤਿਆਰ ਕਰਨ ਦੀ ਜ਼ਰੂਰਤ ਅਤੇ ਲਾਭ। ਸਬਜ਼ੀਆਂ ਅਤੇ ਫੁੱਲਾਂ ਦੀ ਪਨੀਰੀ ਤਿਆਰ ਕਰਨਾ। ਫ਼ਲਦਾਰ ਬੂਟਿਆਂ ਅਤੇ ਜੰਗਲਾਤ ਬੂਟਿਆਂ ਦੀ ਨਰਸਰੀ ਤਿਆਰ ਕਰਨਾ।
3. **ਜ਼ਮੀਨ ਦੀ ਪੈਮਾਇਸ਼ ਅਤੇ ਰਿਕਾਰਡ :** ਜ਼ਮੀਨ ਦੀ ਮਿਣਤੀ ਅਤੇ ਰਿਕਾਰਡ ਸਬੰਧੀ ਜ਼ਰੂਰੀ ਦਸਤਾਵੇਜ਼ ਅਤੇ ਅਹਿਮ ਪਹਿਲੂ – ਜ਼ਰੀਬ, ਸ਼ਿਜਰਾ, ਨਿਸ਼ਾਨਦੇਹੀ, ਮੁਰੱਬਾਬੰਦੀ, ਗੋਸ਼ਵਾਰਾ, ਇੰਤਕਾਲ, ਜਮ੍ਹਾਂਬੰਦੀ, ਤਕਸੀਮ, ਗਿਰਦਾਵਰੀ, ਦਰੁਸਤੀ ਗਿਰਦਾਵਰੀ, ਠੇਕਾ, ਰਹਿਣ, ਖਰਾਬਾ ਆਦਿ ਸਬੰਧੀ ਜਾਣਕਾਰੀ। ਭੂਮੀ ਦੇ ਰਿਕਾਰਡ ਦਾ ਕੰਪਿਊਟਰੀਕਰਨ। ਜ਼ਮੀਨ ਦੀ ਪੈਮਾਇਸ਼ ਲਈ ਪੈਮਾਨੇ।
4. **ਸੂਰਜੀ ਊਰਜਾ :** ਰਵਾਇਤੀ ਅਤੇ ਗੈਰ-ਰਵਾਇਤੀ ਊਰਜਾ ਸੋਮੇ, ਮਹੱਤਤਾ। ਸੂਰਜੀ ਊਰਜਾ ਨਾਲ ਚੱਲਣ ਵਾਲੇ ਯੰਤਰ – ਸੋਲਰ ਡਰਾਇਰ, ਸੋਲਰ ਕੁੱਕਰ, ਸੋਲਰ ਵਾਟਰ ਹੀਟਰ, ਸੋਲਰ ਲਾਲਟੈਣ, ਸੋਲਰ ਹੋਮ ਲਾਈਟਿੰਗ ਸਿਸਟਮ, ਸੋਲਰ ਸਟਰੀਟ ਲਾਈਟ, ਸੋਲਰ ਵਾਟਰ ਪੰਪ ਆਦਿ ਸਬੰਧੀ ਜਾਣਕਾਰੀ।
5. **ਖੁੰਬਾਂ ਦੀ ਕਾਸ਼ਤ :** ਖੁੰਬਾਂ ਦਾ ਖੁਰਾਕੀ ਮਹੱਤਵ, ਵੱਖ-ਵੱਖ ਕਿਸਮਾਂ ਦੀਆਂ ਖੁੰਬਾਂ ਉਗਾਉਣਾ, ਕੀੜਿਆਂ ਤੋਂ ਬਚਾਓ, ਪੈਕਿੰਗ ਅਤੇ ਮੰਡੀਕਰਨ ਕਰਨਾ।
6. **ਮਧੂ ਮੱਖੀ ਪਾਲਣ :** ਮਧੂ ਮੱਖੀ ਪਾਲਣ ਦੀ ਮਹੱਤਤਾ, ਮਧੂ ਮੱਖੀ ਦੀ ਸਰੀਰਕ ਬਣਤਰ, ਕਿਸਮਾਂ, ਜਾਤਾਂ, ਜੀਵਨ ਚੱਕਰ, ਕਟੁੰਬ ਦੀ ਜੱਥੇਬੰਦੀ ਅਤੇ ਕੰਮਕਾਰ ਦੀ ਵੰਡ। ਮੌਸਮੀ ਪ੍ਰਬੰਧ, ਸ਼ਹਿਦ ਦਾ ਮੰਡੀਕਰਨ, ਸਰਕਾਰੀ ਵੱਲੋਂ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਅਤੇ ਸਿਖਲਾਈ ਬਾਰੇ ਜਾਣਕਾਰੀ।
7. **ਬਹੁ-ਭਾਂਤੀ ਖੇਤੀ :** ਬਹੁ-ਫ਼ਸਲੀ ਪ੍ਰਣਾਲੀ ਦੀ ਲੋੜ, ਮਹੱਤਵਪੂਰਣ ਫ਼ਸਲੀ ਚੱਕਰ, ਸੰਯੁਕਤ ਫ਼ਸਲੀ ਚੱਕਰ – ਖੇਤੀ ਸਹਾਇਕ ਧੰਦੇ ਅਪਣਾਉਣਾ।
8. **ਜੈਵਿਕ ਖੇਤੀ :** ਜੈਵਿਕ ਖੇਤੀ ਦੀ ਮਹੱਤਤਾ, ਲੋੜ ਅਤੇ ਜੈਵਿਕ ਖੇਤੀ ਅਧੀਨ ਰਕਬਾ। ਜੈਵਿਕ ਮਿਆਰ, ਜੈਵਿਕ ਫ਼ਸਲ ਉਤਪਾਦਨ ਦੇ ਤਰੀਕੇ, ਜੈਵਿਕ ਤਸਦੀਕੀਕਰਨ ਅਤੇ ਜੈਵਿਕ ਖੇਤੀ ਦਾ ਭਵਿੱਖ।
9. **ਖੇਤੀ ਮਸ਼ੀਨਰੀ ਅਤੇ ਉਸ ਦੀ ਸਾਂਭ-ਸੰਭਾਲ :** ਖੇਤੀ ਮਸ਼ੀਨਰੀ ਦੀ ਸੰਭਾਲ ਦੀ ਮਹੱਤਤਾ। ਟਰੈਕਟਰ, ਕੰਬਾਈਨ ਹਾਰਵੈਸਟਰ, ਕਲਟੀਵੇਟਰ, ਤਵੀਆਂ, ਸੀਡ ਡਰਿੱਲ ਆਦਿ ਦੀ ਸਾਂਭ-ਸੰਭਾਲ ਕਰਨ ਦੇ ਤਰੀਕੇ।
10. **ਫ਼ਲਾਂ ਅਤੇ ਸਬਜ਼ੀਆਂ ਦੀ ਸਾਂਭ-ਸੰਭਾਲ :** ਫ਼ਲਾਂ ਅਤੇ ਸਬਜ਼ੀਆਂ ਨੂੰ ਸੰਭਾਲਣ ਦੀ ਲੋੜ, ਸਾਂਭ-ਸੰਭਾਲ ਦੇ ਵੱਖ-ਵੱਖ ਨੁਕਤੇ – ਫ਼ਲ ਅਤੇ ਸਬਜ਼ੀਆਂ ਦੀ ਤੁੜਾਈ, ਡੱਬਾਬੰਦੀ, ਸਟੋਰ ਕਰਨਾ ਅਤੇ ਢੋਆ-ਢੁਆਈ। ਫ਼ਲ ਪਕਾਉਣ ਦੇ ਸੁਰੱਖਿਅਤ ਤਰੀਕੇ।
11. **ਫ਼ਲ ਅਤੇ ਸਬਜ਼ੀਆਂ ਤੋਂ ਅਚਾਰ, ਮੁਰੱਬੇ ਅਤੇ ਸ਼ਰਬਤ ਬਣਾਉਣਾ :** ਫਲ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਦਾ ਭਵਿੱਖ। ਫ਼ਲਾਂ ਅਤੇ ਸਬਜ਼ੀਆਂ ਤੋਂ ਅਚਾਰ, ਮੁਰੱਬਾ, ਸ਼ਰਬਤ, ਕੈਚਅੱਪ ਆਦਿ ਤਿਆਰ ਕਰਨਾ। ਫ਼ਲਾਂ ਅਤੇ ਸਬਜ਼ੀਆਂ ਨੂੰ ਸੁਕਾਉਣਾ।

ਲਿਖਤੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਦੀ ਬਣਤਰ

ਕੇਵਲ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਲਈ

**ਅੱਠਵੀਂ : ਖੇਤੀਬਾੜੀ DA - 813**

ਸਮਾਂ : $2\frac{1}{2}$ ਘੰਟੇ ਕੁੱਲ ਅੰਕ : 50 ਅੰਕ

ਪ੍ਰਸ਼ਨ ਪੱਤਰ ਵਿੱਚ ਕੁੱਲ 21 ਪ੍ਰਸ਼ਨ ਹੋਣਗੇ । ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ :

| **ਸੈਕਸ਼ਨ** | **ਪਾਠ ਨੰਬਰ** | 2–2 ਅੰਕਾਂ ਵਾਲੇ ਆਬਜੈਕਟਿਵ ਟਾਈਪ ਪ੍ਰਸ਼ਨ | | | 3–3 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ | 4–4 ਅੰਕਾਂ ਵਾਲੇ ਵੱਡੇ ਉੱਤਰਾਂ ਵਾਲੇ ਪ੍ਰਸ਼ਨ | **ਕੁੱਲ** |
|---|---|---|---|---|---|---|---|
| | | ਬਹੁ–ਭਾਂਤੀ ਉੱਤਰਾਂ ਵਾਲੇ ਪ੍ਰਸ਼ਨ | ਖ਼ਾਲੀ ਥਾਵਾਂ ਭਰੋ ਵਾਲੇ ਪ੍ਰਸ਼ਨ | ਸਹੀ ਜਾਂ ਗ਼ਲਤ ਕਥਨਾਂ ਵਾਲੇ ਪ੍ਰਸ਼ਨ | | | |
| **ੳ** | **1, 2, 3** | 1 | 2 | 2 | 1 | 0 | 13 ਅੰਕ |
| **ਅ** | **4, 5, 6** | 1 | 1 | 1 | 1 | 1 | 13 ਅੰਕ |
| **ੲ** | **7, 8, 9** | 1 | 1 | 1 | 1 | 1 | 13 ਅੰਕ |
| **ਸ** | **10, 11** | 1 | 2 | 1 | 1 | 0 | 11 ਅੰਕ |
| ਕੁੱਲ ਪ੍ਰਸ਼ਨ | | 4 | 6 | 5 | 4 | 2 | 21 ਪ੍ਰਸ਼ਨ |
| ਕੁੱਲ ਅੰਕ | | 8 | 12 | 10 | 12 | 8 | 50 ਅੰਕ |

ਪ੍ਰਸ਼ਨ ਪੱਤਰ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ :

**ਭਾਗ ਨੰ. I** ਪ੍ਰਸ਼ਨ ਨੰ. 1 ਤੋਂ 4 ਤੱਕ **ਦੋ–ਦੋ ਅੰਕਾਂ** ਵਾਲੇ ਹੋਣਗੇ । ਇਹ ਪ੍ਰਸ਼ਨ **ਬਹੁ–ਭਾਂਤੀ ਉੱਤਰਾਂ ਵਾਲੇ** ਹੋਣਗੇ । ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ ।

**ਭਾਗ ਨੰ. II** ਪ੍ਰਸ਼ਨ ਨੰ. 5 ਤੋਂ 10 ਤੱਕ **ਦੋ–ਦੋ ਅੰਕਾਂ** ਵਾਲੇ ਹੋਣਗੇ । ਇਨ੍ਹਾਂ ਪ੍ਰਸ਼ਨਾਂ ਦੇ ਸਾਹਮਣੇ **ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰਨੀ ਹੋਵੇਗੀ** ।ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

**ਭਾਗ ਨੰ. III** ਪ੍ਰਸ਼ਨ ਨੰ. 11 ਤੋਂ 15 ਤੱਕ **ਦੋ–ਦੋ ਅੰਕਾਂ** ਵਾਲੇ ਹੋਣਗੇ । ਇਨ੍ਹਾਂ ਪ੍ਰਸ਼ਨਾਂ ਦੇ ਵਿੱਚੋਂ **ਸਹੀ ਜਾਂ ਗ਼ਲਤ ਕਥਨ ਚੁਣਨਾ ਹੋਵੇਗਾ** । ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ ।

**ਭਾਗ ਨੰ. IV** ਪ੍ਰਸ਼ਨ ਨੰ. 16 ਅਤੇ 19 **ਤਿੰਨ–ਤਿੰਨ ਅੰਕਾਂ** ਵਾਲੇ **ਛੋਟੇ ਉੱਤਰਾਂ ਵਾਲੇ ਪ੍ਰਸ਼ਨ** ਹੋਣਗੇ । ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਇੱਕ–ਦੋ ਵਾਕਾਂ** ਦਾ ਹੋਵੇਗਾ । ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ** 100% **ਅੰਦਰੂਨੀ ਛੋਟ** ਹੋਵੇਗੀ । ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੀ ਹੋਵੇਗਾ ।

**ਭਾਗ ਨੰ. V** ਪ੍ਰਸ਼ਨ ਨੰ. 20 ਅਤੇ 21 **ਚਾਰ–ਚਾਰ ਅੰਕਾਂ** ਵਾਲੇ **ਵੱਡੇ ਉੱਤਰਾਂ ਵਾਲੇ ਪ੍ਰਸ਼ਨ** ਹੋਣਗੇ । ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਤਿੰਨ–ਚਾਰ ਵਾਕਾਂ** ਦਾ ਹੋਵੇਗਾ । ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ** 100% **ਅੰਦਰੂਨੀ ਛੋਟ** ਹੋਵੇਗੀ।ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਸੈਕਸ਼ਨ ਵਿੱਚੋਂ ਹੀ ਹੋਵੇਗਾ ।

## ਨਮੂਨਾ ਪ੍ਰਸ਼ਨ ਪੱਤਰ

**ਰੋਲ ਨੰਬਰ ..............................** **813 - DA**

**ਕੁੱਲ ਪ੍ਰਸ਼ਨ : 21]** **[ਛਪੇ ਹੋਏ ਪੰਨਿਆਂ ਦੀ ਕੁੱਲ ਗਿਣਤੀ : 2**

## ਅੱਠਵੀਂ ਸ਼੍ਰੇਣੀ ਸਲਾਨਾ ਪ੍ਰੀਖਿਆ

## ਖੇਤੀਬਾੜੀ (ਲਿਖਤੀ)

**(ਕੇਵਲ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਲਈ)**

**ਕੁੱਲ ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 50**

**ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।**

### ਭਾਗ - I

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

**1.** ਕਿਹੜੀ ਭੂਮੀ ਵਿੱਚ ਪਾਣੀ ਲਾਉਂਦੇ ਸਾਰ ਹੀ ਜਜ਼ਬ ਹੋ ਜਾਂਦਾ ਹੈ ?

\ (ੳ) ਚੀਕਣੀ ਭੂਮੀ (ਅ) ਮੈਰਾ ਭੂਮੀ (ੲ) ਰੇਤਲੀ ਭੂਮੀ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ **2**

**2.** ਸੋਲਰ ਕੁੱਕਰ ਦੀ ਵਰਤੋਂ ਨਾਲ਼ ਕਿੰਨੇ ਪ੍ਰਤੀਸ਼ਤ ਰਵਾਇਤੀ ਬਾਲਣ ਬਚ ਸਕਦਾ ਹੈ ?

(ੳ) 0 - 5% (ਅ) 5 - 10% (ੲ) 10 - 15% (ਸ) 20 - 50% **2**

**3.** ਭਾਰਤ ਨੂੰ ਕਿਹੜੀਆਂ ਫ਼ਸਲਾਂ ਬਾਹਰਲੇ ਦੇਸ਼ਾਂ ਤੋਂ ਮੰਗਵਾਉਣੀਆਂ ਪੈਂਦੀਆਂ ਹਨ ?

(ੳ) ਅਨਾਜ (ਅ) ਰੇਸ਼ੇ (ੲ) ਤੇਲ-ਬੀਜ (ਸ) ਚਾਰੇ **2**

**4.** ਫਲਾਂ ਦੀ ਕਿੰਨੇ ਪ੍ਰਤੀਸ਼ਤ ਪੈਦਾਵਾਰ ਮੰਡੀਆਂ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਖ਼ਰਾਬ ਹੋ ਜਾਂਦੀ ਹੈ ?

(ੳ) 5-10% (ਅ) 10-15% (ੲ) 15-20% (ਸ) 25-30% **2**

**2 ਅੰਕ × 4 = 8 ਅੰਕ**

### ਭਾਗ - II

**ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

**5.** ਹਰੀ ਖਾਦ ਲਈ .................. ਦੀ ਬਿਜਾਈ ਕੀਤੀ ਜਾਂਦੀ ਹੈ। (ਜੰਤਰ / ਢੇਨੇ) **2**

**6.** .................. ਤੇਜ਼ੀ ਨਾਲ਼ ਵਧਣ ਵਾਲਾ ਦਰਖ਼ਤ ਹੈ। (ਸਫ਼ੈਦਾ / ਪਿੱਪਲ) **2**

**7.** ਸੋਲਰ .............. ਨਾਲ਼ ਫਲ ਅਤੇ ਸਬਜ਼ੀਆਂ ਨੂੰ ਸੁਕਾਇਆ ਜਾ ਸਕਦਾ ਹੈ। (ਡਰਾਇਅਰ / ਪੰਪ) **2**

**8.** ਕੇਂਦਰੀ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ...................... ਹੈ। (ਖਾਰਾ / ਮਿੱਠਾ) **2**

**9.** ਫਲਾਂ ਵਿੱਚ ......... ਦਾ ਪਤਾ ਲਗਾਉਣ ਲਈ ਰੀਫਰੈਕਟੋਮੀਟਰ ਵਰਤਿਆ ਜਾਂਦਾ ਹੈ। (ਮਿਠਾਸ / ਪਾਣੀ) **2**

**10.** ਪੰਜਾਬ ਵਿੱਚ ਸਭ ਤੋਂ ਵੱਧ ਉਗਾਇਆ ਜਾਣ ਵਾਲਾ ਫ਼ਲ ................... ਹੈ। (ਸੇਬ / ਕਿੰਨੂ) **2**

**2 ਅੰਕ × 6 = 12 ਅੰਕ**

### ਭਾਗ - III

**ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

**11.** ਤੇਜ਼ਾਬੀ ਜ਼ਮੀਨਾਂ ਦਾ ਸੁਧਾਰ ਚੂਨਾ ਪਾ ਕੇ ਕੀਤਾ ਜਾ ਸਕਦਾ ਹੈ। **2**

12. ਪਟਵਾਰੀ ਇੰਤਕਾਲ ਦਰਜ ਕਰਦਾ ਹੈ। 2

13. ਸ਼ਹਿਦ ਦੀ ਮੱਖੀ ਦੇ ਤਿੰਨ ਜੋੜੀਆਂ ਲੱਤਾਂ ਹੁੰਦੀਆਂ ਹਨ। 2

14. ਜੈਵਿਕ ਖੇਤੀ ਵਿੱਚ ਰੂੜੀ ਦੀ ਖਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ। 2

15. ਸਰਕਾਰ ਵੱਲੋਂ ਕੈਲਸ਼ੀਅਮ ਕਾਰਬਾਈਡ ਨਾਲ਼ ਪਕਾਏ ਹੋਏ ਫਲਾਂ ਨੂੰ ਵੇਚਣ ਤੇ ਪਾਬੰਦੀ ਲਗਾਈ ਗਈ ਹੈ। 2

**2 ਅੰਕ × 5 = 10 ਅੰਕ**

**ਭਾਗ - IV**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

16. ਭੂਮੀ ਦੇ ਕੋਈ ਤਿੰਨ ਭੌਤਿਕ ਗੁਣ ਲਿਖੋ। 3

ਜਾਂ

ਸ਼ਿਜਰਾ ਦੇ ਕੋਈ ਹੋਰ ਤਿੰਨ ਨਾਂ ਲਿਖੋ। 3

17. ਰਵਾਇਤੀ ਊਰਜਾ ਦੇ ਕੋਈ ਤਿੰਨ ਸੋਮਿਆਂ ਦੇ ਨਾਂ ਲਿਖੋ। 3

ਜਾਂ

ਪੰਜਾਬ ਵਿੱਚ ਉਗਾਈਆਂ ਜਾਣ ਵਾਲੀਆਂ ਖੁੰਬਾਂ ਦੀਆਂ ਕੋਈ ਤਿੰਨ ਕਿਸਮਾਂ ਦੇ ਨਾਂ ਲਿਖੋ। 3

18. ਮੱਕੀ ਅਧਾਰਿਤ ਕੋਈ ਤਿੰਨ ਫ਼ਸਲੀ ਚੱਕਰ ਲਿਖੋ। 3

ਜਾਂ

ਟਰੈਕਟਰ ਨਾਲ਼ ਚੱਲਣ ਵਾਲੀਆਂ ਕੋਈ ਤਿੰਨ ਮਸ਼ੀਨਾਂ ਦੇ ਨਾਂ ਲਿਖੋ। 3

19. ਕਿਸੇ ਤਿੰਨ ਫਲਾਂ ਦੇ ਨਾਂ ਲਿਖੋ ਜਿਨ੍ਹਾਂ ਉੱਪਰ ਮੋਮ ਚੜ੍ਹਾਈ ਜਾਂਦੀ ਹੈ। 3

ਜਾਂ

ਕਿਸੇ ਛੇ ਫਲ ਅਤੇ ਸਬਜ਼ੀਆਂ ਦੇ ਨਾਂ ਲਿਖੋ ਜਿਨ੍ਹਾਂ ਦਾ ਅਚਾਰ ਤਿਆਰ ਕੀਤਾ ਜਾ ਸਕਦਾ ਹੈ ? 3

**3 ਅੰਕ × 4 = 12 ਅੰਕ**

**ਭਾਗ - V**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

20. ਸੂਰਜੀ ਊਰਜਾ ਨਾਲ਼ ਚੱਲਣ ਵਾਲੇ ਕਿਸੇ ਚਾਰ ਯੰਤਰਾਂ ਦੇ ਨਾਂ ਅਤੇ ਉਹਨਾਂ ਦੇ ਕੰਮ ਲਿਖੋ। 4

ਜਾਂ

ਭੋਜਨ ਦੇ ਰੂਪ ਵਿੱਚ ਖੁੰਬਾਂ ਦੇ ਕੋਈ ਚਾਰ ਲਾਭ ਲਿਖੋ। 4

21. ਸੰਯੁਕਤ ਫ਼ਸਲ ਪ੍ਰਣਾਲੀ ਵਿੱਚ ਅਪਣਾਏ ਜਾਣ ਵਾਲੇ ਕੋਈ ਚਾਰ ਸਹਾਇਕ ਧੰਦਿਆਂ ਦੇ ਨਾਂ ਲਿਖੋ। 4

ਜਾਂ

ਖੇਤੀ ਮਸ਼ੀਨਰੀ ਦੀ ਸਾਂਭ-ਸੰਭਾਲ ਦੇ ਕੋਈ ਚਾਰ ਲਾਭ ਲਿਖੋ। 4

**4 ਅੰਕ × 2 = 8 ਅੰਕ**

*******************